ਜਾਤੀ ਛੈਨੀ ਨਾਹੀ ਬਾਝੁ ਗੁਰੂ ਨਾਨਕ ਝੂਠਾ ਕੈਨੀ ਲਾਹਿ

੧ ੳ ਵਾਹਿਗੁਰੂ ਜੀ ਕੀ ਫਤਹ॥

ਰਾਮਗੜ੍ਹੀਏ

ਅਰਥਾਤ

(ਰਾਮਗੜ੍ਹੀਆ ਕੌਮ ਦਾ ਉਦੈ ਅਸਤ)

ਜਿਸਨੂੰ

ਰਾਮਗੜ੍ਹੀਆ ਸਭਾ ਸਿਮਲਾਂ

ਨੇ ਛਪਵਾਕੇ ਪ੍ਰਕਾਸ਼ਤ ਕੀਤਾ!

ਸੰਮਤ ਨਾਨਕਸ਼ਾਹੀ ੪੪੪

ਕਾਰੋਨੇਸ਼ਨ ਪਰਿਨਟਿੰਗ ਵਰਕਸ ਅਮ੍ਰਿਤਸਰ ਵਿਚ
ਭਾਈ ਸੁਚਾ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਛਪਿਆ।

ਪਹਿਲੀਵਾਰ ੧੦੦੦ ਭੇਟਾ =)

੧ ਓ ਸਤਿਗੁਰਪ੍ਰਸਾਦਿ ॥

ਦੋਹਰਾ

ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਹਰਿ ਅਵਤਾਰ । ਜਗ ਮਗ ਜੋਤਿ ਬਿਰਾਜ ਰਹੀ ਸ੍ਰੀ ਅਬਿਚਲ ਨਗਰ ਅਪਾਰ ॥

ਦੋਹਰਾ

ਗੁਰ ਗੋਬਿੰਦ ਮ੍ਰਿਗਿੰਦ ਕੇ ਚਰਨ ਕਮਲ ਸਿਰ ਨਾਇ । ਰਾਮਗੜ੍ਹੀਅਨ ਲਾਭ ਹਿਤ ਪੁਸਤਕ ਲਿਖੂੰ ਬਨਾਇ ॥

ਉਥਾਨਕਾ

ਉਸ ਅਕਾਲ ਪੁਰਖ ਵਾਹਿਗੁਰੂ ਦਾ ਹਜ਼ਾਰ ਹਜ਼ਾਰ ਵਾਰ ਧੰਨਵਾਦ ਹੈ ਜਿਸਨੇ ਅਦੁੱਤੀ ਸ਼ਕਤੀ ਤੇ ਵਿਚਿਤ੍ਰਤਾ ਨਾਲ ਮਨੁੱਖ ਜਾਤੀ ਪੈਦਾ ਕੀਤੀ ਜਿਸਨੂੰ ਸਮਤ ਵਾ ਨਿਰਮਲ ਬੁੱਧੀ

ਬਖ਼ਸ਼ਕੇ ਸਾਰੀ ਸ੍ਰਿਸ਼ਟੀ ਵਿਚ ਉੱਤਮ ਬਨਾਯਾ ਜਿਹਾ ਕਿ ਗੁਰੂ ਮਹਾਰਾਜ ਜੀ ਦਾ ਵਾਕ ਹੈ:—

"ਲਖ ਚਉਰਾਸੀਹ ਜੂਨ ਉਪਾਈ।
ਮਾਨੁਖ ਕਉ ਪ੍ਰਭੁ ਦਈ ਵਡਾਈ"।

ਫੇਰ ਅਪਣੀ ਮਹਾਨ ਕ੍ਰਿਪਾ ਨਾਲ ਇਸਦੇ ਆਰਾਮ ਵਾ ਆਸਾਇਸ਼ ਲਈ ਤਰਾਂ ੨ ਦੀ ਸ੍ਰਿਸ਼ਟੀ ਸਾਜਕੇ ਸਾਰਿਆਂ ਤੇ ਇਸਨੂੰ ਰਸੂਖ਼ਰ ਦਿਤੀ ਇਸੇ ਲਈ ਗੁਰੂ ਮਹਾਰਾਜ ਜੀ ਫ਼ੁਰਮਾਉਂਦੇ ਹਨ:—

"ਇਸ ਧਰਤੀ ਪਰ ਤੇਰੀ ਸਿਕਦਾਰੀ।
ਅਵਰ ਜੋਨ ਤੇਰੀ ਪਨਿਹਾਰੀ"।

ਇਸ ਸਿਲਸਲੇ ਨੂੰ ਚਲਾਨ ਲਈ ਤੇ ਇਸ ਨਿਯਮ ਨੂੰ ਅਟੱਲ ਰੱਖਣ ਲਈ ਇਸ ਦੇ ਇੰਤਜ਼ਾਮ ਦੀ ਵਾਗ ਇਕ ਅਜਿਹੀ ਕੌਮ ਨੂੰ ਸੌਂਪਦਾ ਹੈ ਜੋ ਅਪਣੇ ਇਨਸਾਫ ਵਾ ਨਿਆਂ ਨਾਲ ਅਪਣੀ ਪਰਜਾ ਨੂੰ ਸੁਖ ਦੇਵੇ, ਅਤੇ ਅਪਣੇ ਪ੍ਰਾਕਰਮ ਤੇ ਭੁਜਾ ਬਲ ਨਾਲ ਅਪਣੇ ਦੇਸ਼ ਵਾ ਪਰਜਾ ਦੀ ਜਾਨ ਵਾ ਮਾਲ ਦੀ ਰਾਖੀ ਮੁਲਕ ਦਰੋਹੀ ਵਾ ਧਰਮ ਵਰੋਧੀ ਵੈਰੀਆਂ

ਪਾਸੋਂ ਖੋਹ ਸਕੇ, ਸਦ ਹੀ ਰਾਜ ਕਰਕੇ ਅਪਣੇ ਧਰਮ ਨੂੰ ਭੁਲਿਆ ਤੇ ਅਪਣੀ ਪਰਜਾ ਦੇ ਸੁਖ ਸੁਖ ਤੋਂ ਗਾਫਲ ਹੋਇਆ ਉਸੇ ਵੇਲੇ ਅਕਾਲ ਪੁਰਖ ਵਾਹਿਗੁਰੂ ਨੇ ਅਪਣੇ ਨਿਯਮ ਨੂੰ ਅਟੱਲ ਰਖਣ ਲਈ ਦੂਸੀ ਕੌਮ ਨੂੰ ਯੋਗ ਸ਼ਕਤੀ ਬਖਸ਼ਕੇ ਉਸਦੇ ਮੁਕਾਬਲੇ ਵਿਚ ਖੜੀ ਕਰ ਦਿਤੀ ਜਿਸਨੇ ਅਪਣੇ ਪ੍ਰਾਕਰਮ ਨਾਲ ਉਸਤੇ ਗਾਲਿਬ ਆਕੇ ਰਾਜ ਪਾਟ ਦੀ ਮਾਲਕ ਬਣਕੇ ਅਪਣੇ ਨਾਉਂ ਦਾ ਸਿੱਕਾ ਚਲਾਇਆ ॥

ਅਕਾਲ ਪੁਰਖ ਵਾਹਿਗੁਰੂ ਦਾ ਇਹ ਅਟੱਲ ਕਾਨੂੰਨ ਜੁਗਾਂ ਜੁਗਾਂਤ੍ਰਾਂ ਤੋਂ ਜਾਰੀ ਹੈ ਤੇ ਅਗੇ ਭੀ ਇਸੇ ਪਰਕਾਰ ਜਾਰੀ ਰਹੇਗਾ ॥

ਇਸੇ ਅਟਲ ਕਾਨੂੰਨ ਅਨੁਸਾਰ ਅਜ ਸਾਡੇ ਸਿਰਤੇ ਅਕਾਲ ਪੁਰਖ ਵਾਹਿਗੁਰੂ ਨੇ ਇਕ ਅਜੇਹੀ ਸੁਭਾਗ ਕੌਮ ਦਾ ਹਥ ਧਰਾਇਆ ਹੈ ਕਿ ਜਿਸਦੇ ਅਮਨ ਦੇ ਰਾਜ ਵਿਚ ਸ਼ੇਰ ਬੱਕਰੀ ਇਕ ਘਾਟ ਪਾਣੀ ਪੀਂਦੇ ਹਨ, ਤੇ ਅਗ, ਪਾਣੀ, ਹਵਾ, ਆਦਿ ਸਾਰੇ ਇਸਦੇ ਹੁਕਮ ਦੀ ਵਿਚਾਰ

ਸਕਦੇ ਹਨ। ਜਿਸ ਦੇ ਪ੍ਰਤਾਪ ਨਾਲ ਚੜ੍ਹਿਆ ਏਹੁ ਸੂਰਜ ਅਧੇ ਅਸਮਾਨ ਤੇ ਚਮਕ ਰਿਹਾ ਹੈ ਜਿਸਦੀ ਰੌਸ਼ਨੀ ਨੂੰ ਪਾਕੇ ਹਰ ਇਕ ਕੌਮ ਜਗਮਗਾ ਪਈ ਹੈ ਤੇ ਏਹੋ ਹੀ ਚਾਹੁੰਦੀ ਹੈ ਕਿ ਵਿਦਿਆ ਰੂਪੀ ਭੂਖਣਾਂ ਨਾਲ ਮੈਂ ਹੀ ਸ਼ਸ਼ੋਭਿਤ ਹੋਵਾਂ ਤੇ ਦੂਜੀਆਂ ਕੌਮਾਂ ਮੇਰੇ ਵਲ ਹੀ ਤਕਨ।

ਇਸ ਪਾਸੇ ਵਲ ਜਿਨ੍ਹਾਂ ਕੌਮਾਂ ਨੇ ਜਿਤਨਾ ਕੁ ਧਿਆਨ ਦਿਤਾ ਹੈ ਉਤਨਾ ਹੀ ਉਹ ਕੌਮਾਂ ਉੱਨਤ ਹੋਈਆਂ ਜਾਪਦੀਆਂ ਹਨ। ਪਰ ਇਕ ਸਾਡੀ ਹੀ ਰਾਮਗੜ੍ਹੀਆ ਕੌਮ ਹੈ ਜੋ ਅਵਿਦਿਆ ਦੀ ਨੀਂਦਰ ਵਿਚ ਅਜਿਹੀ ਘੂਕ ਸੁੱਤੀ ਪਈ ਹੈ ਕਿ ਐਸ ਪਾਸੇ ਵਲ ਝੁਕਣਾਂ ਤਾਂ ਇਕ ਪਾਸੇ ਰਿਹਾ, ਅੱਖ ਪੁਟਕੇ ਭੀ ਨਹੀਂ ਦੇਖਦੀ।

ਸਾਡੀ ਕੁਝ ਚਿਰ ਇਹੋ ਹੀ ਹਾਲ ਰਿਹਾ ਤਾਂ ਜਾਪਦੀ ਹੈ ਕਿ ਦੂਜੀਆਂ ਕੌਮਾਂ ਅਗੇ ਵਧ ਜਾਣਗੀਆਂ ਤੇ ਇਹ ਸਾਰੀਆਂ ਨਾਲੋਂ ਪਿੱਛੇ ਰਹਿ ਜਾਏਗੀ।

ਜਾਏ ਫੇਰ ਪਛਤਾਏ ਕੁਛ ਨਹੀਂ ਹੋਣਾ ਯਥਾ:—

"ਫਿਰ ਪਛਤਾਏ ਕਿਆ ਹੋਇ ਜਦ ਚਿੱੜੀਆਂ ਚੁਗ ਗਈਂ ਖੇਤ"।

ਇਸ ਲਈ ਅਕਾਲ ਪੁਰਖ ਵਾਹਿਗੁਰੂ ਨੇ ਦਾਸ ਨੂੰ ਪ੍ਰੇਰਿਆ ਹੈ ਜੋ ਇਸ ਕੌਮ ਨੂੰ ਜਗਾਏ, ਤਾਂਕਿ ਵੇਲੇ ਸਿਰ ਜਾਗ ਕੇ ਇਹ ਬੀ ਅਮੋਲਕ ਸਮੇਂ ਤੋਂ ਲਾਭ ਉਠਾਵੇ, ਤੇ ਦੂਜੀਆਂ ਕੌਮਾਂ ਦੇ ਨਾਲ ਮਿਲਨ ਦਾ ਯਤਨ ਕਰੇ।

ਇਸ ਲਈ ਕੌਮ ਦੀ ਸੇਵਾ ਵਿਚ ਸਨਿਮ੍ਰ ਬੇਨਤੀ ਹੈ ਕਿ ਜੋ ਕੁਝ ਇਨ੍ਹਾਂ ਥੋੜਿਆਂ ਜਿਹਿਆਂ ਪੱਤਰਿਆਂ ਵਿਚ ਲਿਖਿਆ ਗਿਆ ਹੈ, ਉਸਨੂੰ ਇਕ ਵਾਰ ਜਰੂਰ ਪੜ੍ਹੋ ਤੇ ਜੇ ਇਸ ਪੁਰ ਚਲਣੇ ਦੀ ਸਾਹਸ ਕਰੋ ਤਾਂ ਧੰਨ ਭਾਗ!

ਦਾਸ-ਦਰਬਾਰਾ ਸਿੰਘ ਮਾਸਟਰ
ਗੁਰਨਮਿੰਟ ਹਾਈ ਸਕੂਲ
ਸਿਮਲਾ

[illegible]

ਕਾਂਡ ੧.

ਪਿਆਰੇ ਪਾਠਕ ਜੀ! ਇਤਿਹਾਸ ਸਾਨੂੰ ਦਸਦੇ ਹਨ ਕਿ ਮੁਸਲਮਾਨ ਬਾਦਸ਼ਾਹੀ ਦੀ ੮੦੦ ਸਾਲ ਦੀ ਹਕੂਮਤ ਨੇ ਇਸ ਦੇਸ ਦੀ ਕੈਹੀ ਬੁਰੀ ਦੁਰਦਿਸ਼ਾ ਕੀਤੀ, ਦੇਸ ਨੂੰ ਲੁੱਟ ਕੁੱਟ ਕੇ ਰੋਟੀਓਂ ਮੁਥਾਜ ਕਰ ਦਿਤਾ। ਦੇਸ ਨਵਾਸੀਆਂ ਦਾ ਧਰਮ ਖੋਇਆ, ਘਰ ਬਾਰ ਲੁੱਟੇ, ਬੱਚੇ ਬੱਚੀਆਂ ਨੂੰ ਦਾਸੀ ਦਾਸ ਬਣਾਯਾ, ਗਰਦਨ ਮਾਰੀ, ਸੁੰਦਰ ਇਸਤ੍ਰੀਆਂ ਦੇ ਸਿਰ ਮੁੰਨ ਮੁੰਨ ਕੇ ਪਤਿਬਰਤ ਧਰਮ ਦਾ ਨਾਸ ਕੀਤਾ ਅਪਣੇ ਦੇਸ ਵਿਚ ਲੈਜਾਕੇ ਦੋ ਦੋ ਰੁਪਏ ਨੂੰ ਵੇਚੇ। ਇਸੇ ਜੁਲਮ ਨੂੰ ਦੇਖਕੇ ਗੁਰੂ ਸਾਹਿਬ ਫਰਮਾਉਂਦੇ ਹਨ:—

"ਜਿਨ ਸਿਰ ਸੋਹਨਿ ਪਟੀਆ ਮਾਂਗੀਪਾਇ ਸੰਧੂਰ
ਸੇ ਸਿਰ ਕਾਤੀ ਮੁਨੀਅਨਿ ਗਲ ਵਿਚ ਆਵੈ ਧੂੜ"

ਹਿੰਦੂਆਂ ਦੇ ਧਰਮ ਪੁਸਤਕ ਸਾੜੇ ਗਏ ਮੰਦਰ ਗਿਰਾ ੨ ਕੇ ਉਨ੍ਹਾਂ ਦੇ ਥਾਂ ਮਸੀਤਾਂ ਬਣਾਈਆਂ ਗਈਆਂ ਦੇਸ ਦੇ ਲਾਇਕ ੨

ਵਿਦਵਾਨ ਤੇ ਜੋਧੇ ਸੂਰਬੀਰ ਚੁਗ ੨ ਕੇ ਮਾਰੇ ਗਏ, ਜਿਉਂਦੇ ਫੂਕੇ ਗਏ, ਖੱਲਾਂ ਲਾਹੀਆਂ ਗਈਆਂ, ਚਰਖੀਆਂ ਤੇ ਚਾੜ੍ਹ ੨ ਕੇ ਭੁਨ ੨ ਕੇ ਜਾਨਾਂ ਕੱਢੀਆਂ ਗਈਆਂ, ਆਰਿਆਂ ਨਾਲ ਚੀਰਿਆ, ਕੰਧਾਂ ਵਿਚ ਜੀਉਂਦਿਆਂ ਨੂੰ ਚੁਣਿਆਂ ਗਿਆ ਆਦ ਅਨੇਕਾਂ ਹੀ ਤਰਾਂ ੨ ਦੇ ਕਸ਼ਟ ਦਿਤੇ ਗਏ, ਘਰੋਂ ਬੇ-ਘਰ ਕੀਤਾ ਗਿਆ। ਘਰ ਬਾਰ ਧਨਦੌਲਤਰੁਪਿਆਪੈਸਾ ਦੇਸ਼ ਜ਼ਮੀਨਾ ਆਦਿ ਖੋਹਕੇ ਕੰਗਾਲ ਕਰ ਦਿੱਤਾ ਇਹ ਉਨ੍ਹਾਂ ਬਾਦਸ਼ਾਹਾਂ ਦੇ ਹੀ ਜ਼ੁਲਮਾਂ ਦਾ ਸਿੱਟਾ ਹੈ ਜੋ ਅਜ ਦੇਸ਼ ਦੀ ਉੱਤਮ ਜਾਤੀਆਂ ਬ੍ਰਾਹਮਨ ਖਤ੍ਰੀ ਤ੍ਰਖਾਣ, ਲੁਹਾਰ ਆਦਿ ਕਮੀਣਾਂ ਤੋਂ ਵਾਂਗ ਨਜਰ ਆਉਂਦੇ ਹਨ, ਸਗੋਂ ਹਜਾਰਾਂ ਦੀ ਗਿਣਤੀ ਵਿਚ ਜੱਟ (ਜੋ ਅਜ ਕਾਸ਼ਤਕਾਰ ਸਮਝੇ ਜਾਂਦੇ) ਭੀ ਪਿੰਡਾਂ ਵਿਚ ਉਸੇ ਤਰਾਂ ਵਸਦੇ ਹਨ ਜਿਸ ਤਰਾਂ ਗੈਰ ਜਰਾਇਮ ਪੇਸ਼ਾ [illegible]

* ਜਿਨ੍ਹਾਂ ਨੇ ਅਤਿਆਚਾਰਾਂ ਨੂੰ ਦੇਖਕੇ [illegible]

[illegible] ਹੈ [illegible] ਕੀ [illegible]
[illegible]
[illegible]
[illegible] ਤੇ [illegible]
[illegible] ਨੇ [illegible]
[illegible] ਸੰਸਾਰ ਦੇ [illegible]
[illegible] ਵਿਚ [illegible]
[illegible]
[illegible] ਦੇ ਮਨ) ਸੀ [illegible]
[illegible] ਤੇ [illegible], ਜਿਨ੍ਹਾਂ ਦੇ [illegible]
[illegible] ਨੂੰ [illegible] ਹੋਰ ਜਾਤੀਆਂ ਤਾਂ [illegible]
[illegible] ਪਾਕੇ [illegible]
[illegible] ਸੰਸਾਰਕ ਹਾਲਤ ਤੇ ਧਾਰਮਿਕ
[illegible] ਨੂੰ ਸੰਵਾਰ ਲੀਤਾ ਪਰ [illegible]
ਗੜ੍ਹੀਆ ਕੌਮ ਕੁਝ ਅਜਿਹੀ [illegible] ਕਿ ਗੁਰੂ
ਸਾਹਿਬਾਨ ਨੂੰ ਇਸ ਕੌਮ ਦੇ ਖੜਾ ਕਰਨ ਲਈ
[illegible] ਜਤਨ ਕਰਨੇ ਪਏ।
[illegible] ਦੀ [illegible]

([illegible])

[illegible]

[illegible] ਮਿਸਟਰ ਕੋਵਨ ਨੇ [illegible]

[illegible] ਮੂੰਹ [illegible]

[illegible] ਦਾ ਪਿਆਰ [illegible]

[illegible] ਗਈ। ਹੁਣ ਅਸੀ [illegible] ਗੁਰੂ [illegible]

(ਕਿ [illegible] ਇਸ [illegible])

[illegible] ਸਤੀ ਨੂੰ [illegible]

੧੯੫ (ਸੰ) [illegible]

[illegible] ਐਮਨਾਬਾਦ [illegible]
[illegible] ਭਾਈ [illegible]
[illegible] ਤੇ ਮਲਕ ਭਾਗੋ ਜਿਹੇ
[illegible] ਭਾਈ ਲਾਲੋ ਦੀ
ਨੇ [illegible]
[illegible] ਮਲਕ ਭਾਗੋ [illegible]
[illegible] ਪਰ ਭਾਈ ਲਾਲੋ ਜੀ ਦੇ
ਕੋਧਰੇ ਦੇ ਸੁਕੇ ਟੁਕੜਿਆਂ ਨੂੰ [illegible]
ਕਿਉਂਕਿ [illegible] ਮਲਕ ਭਾਗੋ ਨੇ [illegible]
ਦੇ [illegible] ਸਮੇਂ ਗੁਰੂ ਸਾਹਿਬ ਨੂੰ
ਬੁਲਾ ਭੇਜਿਆ ਤਾਂ ਗੁਰੂ ਸਾਹਿਬ [illegible]
[illegible] ਬੀ ਨਹੀਂ ਗਏ। ਜਦ
ਚੁਗਲਾਂ ਨੇ ਚੁਗਲੀ ਖਾਧੀ ਤਾਂ ਮਲਕ ਭਾਗੋ
ਨੇ [illegible] ਆਦਮੀ ਭੇਜੇ ਕਿ ਗੁਰੂ
ਸਾਹਿਬ ਨੂੰ [illegible] ਪਕੜ ਲਿਆਓ,
[illegible] ਏਮਨਾਬਾਦ)
ਦਾ ਹੁਕਮ [illegible] ਸਾਹਿਬ
[illegible] ਮਲਕ ਭਾਗੋ ਨੇ

ਸੁਦਾਗਰ ਨਾਲ ਕਹਿਆ ਕਿ ਤੂੰ ਕਿਹੋ ਜਿਹਾ ਹਾਂ ਜੋ ਉੱਤਮ ਜਾਤੀ ਦਾ ਖਤ੍ਰੀ ਹੋਕੇ ਸੂਦਰਾਂ ਦੇ ਘਰੋਂ ਖਾਣਾ ਖਾਂਦਾ ਹੈਂ ਤੇ ਖਤ੍ਰੀਆਂ ਵਿੱਚ ਬੈਠਕੇ ਧਰਮ ਕੀ ਨਹੀਂ ਆਉਂਦਾ ਹੈਂ? ਪਿਆਰੇ ਪਾਠਕ ਜੀ ਪਤਾ ਹੈ, ਜੋ ਉਸ ਵੇਲੇ ਗੁਰੂ ਸਾਹਿਬ ਨੇ ਕੀ ਉੱਤ੍ਰ ਦਿਤਾ? ਲਓ ਅਸੀਂ ਉਨ੍ਹਾਂ ਦਾ ਉੱਤ੍ਰ ਦਸਦੇ ਹਾਂ, ਜੋ ਇਕ ਇਤਿਹਾਸਕਾਰ ਨੇ ਲਿਖਿਆ ਹੈ:—

ਸੰਗਤ ਕਹੋ ਕੀ ਕਿਰਤ ਕਮਾਈ,
ਸ੍ਰੀ ਨਾਨਕ ਦਸੋ ਸਮਝਾਈ?
ਛਤ੍ਰੀ ਘਰ ਮੈਂ ਪਹਿਓ ਬੁਲਾਈ,
ਕਿਉਂ ਨਹੀਂ ਅਬੈ ਕਹੋ ਸੁਨਾਈ?
ਜਾਂ ਸੂਦਰ ਬਾਣੀ ਘਰ ਖਾਵੋ,
ਧਰਮ ਕਰਮ ਕਾ ਨਾਸ ਕਰਾਵੋ।

ਤਿਸ ਵੇਲੇ ਗੁਰ ਨਾਨਕ ਦੇਵ, [illegible]
[illegible]
[illegible]
[illegible]

ਸਭੇ ਸਖੀਆਂ ਦਈ ਅਸੀਸੜਾ, [illegible]
[illegible] ਜਾਇ ਛੁਤਰਲ ਕਰਿ [illegible]
[illegible] ਪੀੜੀਆਂ ਕਰਨੀ, [illegible] ਮਾਰੀ [illegible]
[illegible] ਇਹਿ ਬਾਤ ਕਾਨ [illegible]
[illegible] ਟੂਕ ਲਿਆਏ, [illegible]
[illegible] ਕੁਮਰੀ ਲੂਣੀ ਪੂਰੀ [illegible]
[illegible] ਪੂਰਿ ਮੇਲਕ ਦਬਾਇ, [illegible]
[illegible] ਲੋਹੂ ਧਾਰ ਵਗੀ [illegible]
[illegible] ਕੋਪਰਿ ਦੂਧ ਮੰਗਾਇਕੇ [illegible]
[illegible] ਦੂਧ ਸਤਗੁਰ ਦੀਆ [illegible]
[illegible] ਹੋਵਾਂ [illegible]
ਦੂਧ ਰਿਕਾਬੀ ਮਲਕੇ ਜੀਲ ਨਾਲ ਅਤਿ ਨਿਰਮਲ
[illegible] ਦੂਧ ਇਹ ਪਾਨ ਕੀਤੇ ਅਚਰਜ [illegible]
[illegible] (੨) ਸ੍ਰੀ ਗੁਰੂ ਨਾਨਕ ਜੀ ਸਹਜ [illegible]
ਸਾਲ ਤੋਂ ਵਧੀਕ ਭਏ ਜਾਨੋ [illegible]
[illegible] ਪਵਿਤ੍ਰ ਉਪਦੇਸ਼ [illegible]
[illegible] ਕਰਕੇ [illegible] ਹੋਤ [illegible]
[illegible] ਚਲਾਉ, [illegible]

ਮਰਦਾਨੇ ਨੂੰ ਆਗਿਆ ਕੀਤੀ ਕਿ ਇਸ
ਨਗਰ ਵਿਚ ਤੇਰਾ ਇਕ ਪ੍ਰੇਮੀ ਗੁਰੂ ਦਾ ਅਤੀ ਪਯਾਰਾ
ਫੇਰਾ ਮਿਸਤ੍ਰੀ ਰਹਿੰਦਾ ਹੈ ਉਸਦੇ ਤੁਸਾਂ ਜਾਕੇ
ਸਾਡਾ ਨਾਮ ਲੈਕੇ ਇਕ ਰਬਾਬ ਲੈ ਆਓ, ਗੁਰੂ
ਜੀ ਦੀ ਆਗਿਆ ਮਾਨ ਕੇ ਭਾਈ ਮਰਦਾਨਾ ਜੀ
ਭਾਈ ਫੇਰਾ ਜੀ ਦਾ ਘਰ ਪੁਛਕੇ ਉਨ੍ਹਾਂ ਦੇ
ਪਾਸ ਗਏ ਤੇ ਗੁਰੂ ਦਾ ਸਨੇਹਾ ਦਿਤਾ
ਜਿਸ ਨੂੰ ਸੁਣਕੇ ਭਾਈ ਫੇਰਾ ਜੀ ਗਦ ੨ ਹੋਏ
ਵਡੇ ਆਦਰ ਨਾਲ ਭਾਈ ਮਰਦਾਨਾ ਜੀ ਨੂੰ
ਬਠਾਇਆ ਤੇ ਪ੍ਰਸਾਦਿ ਤਿਆਰ ਕਰਾਕੇ ਤੇ
ਰਬਾਬ ਲੈਕੇ ਭਾਈ ਮਰਦਾਨਾ ਜੀ ਦੇ ਨਾਲ
ਦਰਸ਼ਨਾਂ ਨੂੰ ਆਏ ਜੀ। ਰਬਾਬ ਅਗੇ ਰਖਕੇ ਗੁਰੂ
ਮਹਾਰਾਜ ਦੇ ਚਰਨਾਂ ਵਿਚ ਮਥਾ ਟੇਕ ਕੇ
ਆਦਰ ਭਾਵ ਨਾਲ ਪ੍ਰਸ਼ਾਦਿ ਛਕਾਇਆ ਬੇਨਤੀ ਕੀਤੀ
ਗੁਰੂ ਸਾਹਿਬ ਜੀ ਨੇ ਭਾਈ ਮਰਦਾਨਾ ਨੂੰ ਆਖ
[illegible]
[illegible]
[illegible]

[illegible] ਤੇ [illegible]
[illegible] ਸ੍ਰੀ [illegible]
ਦਾ [illegible] ਹੈ:—
ਨੰ [illegible] ਗੁਰ [illegible] ਸ੍ਰਿ (੬)
[illegible] ਨੂੰ ਜਿਨ [illegible] ਸ੍ਰਿ
[illegible] ਪ੍ਰੇਮ ਸੁਤ [illegible]
[illegible] ਕਰੇ [illegible]
[illegible] ਤਿਸ ਤੋਂ [illegible]
[illegible] ਸੁਣ [illegible]
[illegible] ਪ੍ਰਤਿ ਬਚਨ ਸੁਨਾਯੋ [illegible]

ਗੁਰ ਨਾਮ ਸੁਨ ਸੋ ਹਰਖਾਯੋ [illegible]
ਮਰਦਾਨੇ ਦੇ ਸਾਥ ਚਲਾਯੋ [illegible]
ਸਤਿਗੁਰ [illegible] ਸੀਸ [illegible]
ਜਨਮ ਜਨਮ ਕੀ ਮੈਲ [illegible]
ਦਰਸ ਪਰਸ ਕਰ ਐਸੇ [illegible]

ਦੋਹਰਾ ॥ [illegible]
[illegible]
ਨੂੰ [illegible]

[illegible] ਨੇ [illegible] ਸਿੱਖ [illegible] [illegible] ਸਿੰਘ ਜੀ [illegible] ਕਿਰਪਾ [illegible] ਦੀਆਂ [illegible] :—

(੩) ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਭਾਈ ਕੁਸਲ ਨੂੰ ਹਾਥ [illegible] ਬਖਸ਼ੀਆਂ ਦੀਆਂ ਤੇ ਭਾਈ ਬੂਲਾ ਜੀ ਨੂੰ ਲੰਗਰ ਦੀ ਸੇਵਾ ਬਖਸ਼ੀ, [illegible] ਗੁਰੂ ਆਗਿਆ ਅਨੁਸਾਰ ਚਲਦੇ ਰਹੇ ਤੇ ਗੁਰੂ ਜੀ ਦੀਆਂ ਖੁਸ਼ੀਆਂ ਦੇ ਭਾਗੀ ਬਣੇ, ਜਿਵੇਂ ਕਿ ਲਿਖਿਆ ਹੈ:—

ਗੁਰ ਅੰਗਦ ਜੀ ਕਿਰਪਾ ਧਾਰ,
[illegible] ਭਗਤਿ ਬਿਚਾਰ।
ਭਾਈ ਕੁਸਲ ਬੂਲਾ ਦੋਇ,
ਲੰਗਰ ਸੇਵਾ ਲਾਏ ਸੋਇ।
[illegible] ਸੋ [illegible] ਭਾਗੀ,
ਗੁਰ ਚਰਨਾ ਹੋਏ ਅਨੁਰਾਗੀ।
ਭੋਗ ਮੋਖ [illegible] ਅਧਿਕਾਰੀ,

ਤਮ ਗੁਰ [illegible] ਪਰਕਰਣ (੫)
ਚਾਤ (੫੬) ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ
ਨੇ ਗੁਰ ਗੱਦੀ ਪਰ ਸੁਸ਼ੋਭਿਤ ਹੋਕੇ ਸੁਖੀਏ ਨੂੰ
(ਜੋ ਸਿਲਦੇਖਗੜ੍ਹਾ ਦੇ ਰਹਿਣ ਵਾਲੇ ਸਨ)
ਅੰਦਰ ਲੰਗਰ ਦੀ ਸੇਵਾ ਬਖਸ਼ੀ ਤੇ ਸਿਦਕ
ਕਮਾਈ ਦੇਖ ਕੇ ਇਸ ਕੌਮ ਦੇ ਲੋਕਾਂ ਨੂੰ
ਬਖਸ਼ਿਆ ਜਿਹਾ ਕਿ ਲਿਖਿਆ ਹੈ:[illegible]

ਅਮਰ ਦਾਸ ਗੁਰ ਕਿਰਪਾ ਧਾਰੂ (੪)
ਪਰਮ ਭਗਤ ਅਪਨਾ ਪਹਿਚਾਨ
ਦੇਸ ਕਾਂਗੜੇ ਕੇਰ ਨਿਵਾਸੀ,
ਭਾਈ ਸੁਖੀਆ ਜੋ ਸੁਖ ਰਾਸੀ।
ਲੰਗਰ ਸੇਵਾ ਦੀਆ ਲਗਾਇ,
ਹੋਇ ਨਿਮਾਣ ਸੁ ਰਿਹਾ ਕਮਾਇ।
ਪੂਰਾ ਭਾਂਡਾ ਗੁਰੂ ਨਿਹਾਰ,
ਸ੍ਰੀ ਮੁਖ ਐਸੇ ਕਹਿਯੋ ਪੁਕਾਰ
ਦੋਹਰਾ ॥ ਜਾਇ ਦੇਸ ਮੋਂ ਤੁਮੀ ਕਰੋ ਗੁਰ
ਸਿਖੀ ਪ੍ਰਚਾਰ। ਮੰਜੀ ਬਖਸ਼ੀ ਗੁਰੂ ਨੇ ਸੇਵਕ
ਪਰਮ ਨਿਹਾਰ। [illegible] ਚਚ

(ਪ) [illegible] ਸ੍ਰੀ ਗੁਰੂ ਹਰਗੋਬਿੰਦ ਜੀ ਮਹਾ [illegible] ਸਮੇਂ [illegible] ਜਾਬਰ ਹੁਕਮਰਾਨਾਂ ਦੇ ਖਿਲਾਫ ਤਲਵਾਰ [illegible] ਉਨ੍ਹਾਂ ਦੀ ਸ੍ਰੀ ਗੁਰੂ [illegible] (ਸਿੱਖ) [illegible] ਕੌਮ ਨੂੰ [illegible] ਤਬ ਤੋਂ ਪਹਿਲਾਂ ਇਸ ਦੇ [illegible] ਵਿੱਚ ਜਾ ਸਖਾਈ ਹੈ ਹਮੇਸ਼ਾ [illegible] ਅਰਦਾਸ ਵਿਚ ਰਖਿਆ। ਜਿਹਾ ਕਿ ਲਿਖਿਆ ਹੈ—

(ੳ) ਗੁਰੂ ਹਰਗੋਬਿੰਦ ਦੇ ਦਰਬਾਰ,
ਸੰਗਤ ਜੁੜਦੀ ਅਪਰ ਅਪਾਰ।
ਖੇਮ ਕਰਨ ਵਾਸੀ ਮੋਹਰੀ,
ਭਗਤੀ ਭਾਵ ਵਿਖੇ ਥੀ ਮੋਹਰੀ।
ਜਬ ਸਤਿਗੁਰ ਤੇਗ ਸੰਭਾਲੀ,
ਜੰਗ ਕਰਨ ਹਿਤ ਫੁਰਤੇ ਖਿਆਲੀ।
ਤਾਂ ਮੋਹਰੀ ਨੇ ਨਾਲ ਪਿਆਰ,
ਤੋਪਾਂ [illegible] ਕਰੀ ਤਿਆਰ।
ਨਾਹੁ ਜੋ ਸਤਿਗੁਰ ਨੇ ਵਰਤੀ ਜੈਸੇ,
ਛਠੇ ਗੁਰੂ [illegible] ਬਰਨਨ ਕਰੌ ਤੈਸੇ।
ਗੁਰ ਸਿਖੀ ਦੇ ਭਾਂਡੇ ਪੂਰੇ,

ਤਿਲਕ ਤੁਹਾਡੀ ਹੋਨ ਜਰੂਰੀ (ਸ)

(ਅ) ਭਾਈ ਰੂਪਾ ਜੀ ਨੂੰ ਉਨ੍ਹਾਂ ਦੀ ਅਥਾਹ ਪ੍ਰੇਮ ਤੇ ਸੇਵਾ ਤੋਂ ਪ੍ਰਸੰਨ ਹੋਕੇ ਵਰ ਦਿਤਾ ਕਿ ਤੇਰੀ ਔਲਾਦ ਸੋਢੀਆਂ ਵਾਂਗ ਪੂਜੀ ਜਾਵੇਗੀ, ਸੋ ਉਹ ਹੁਣ ਪਰਤੱਖ ਦੇਖਿਆ ਜਾਂਦਾ ਹੈ ਜੋ ਉਨ੍ਹਾਂ ਦੀ ਔਲਾਦ ਫੂਲਕੀਆਂ ਰਿਆਸਤਾਂ ਦੀ ਗੁਰੂ ਹੈ ਜਿਨ੍ਹਾਂ ਦੀ ਗੱਦੀ ਪਰ ਅੱਜ ਕੱਲ ਸ੍ਰੀ ਮਾਨ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਰਈਸ ਆਜ਼ਮ ਬਾਗੜੀਆਂ ਬਰਾਜਮਾਨ ਹਨ "ਧੰਨ ਗੁਰੂ ਹੈ" !

(ੲ) ਭਾਈ ਜੀਉਣ ਲਾਹੌਰੀਏ ਦੇ ਘਰ ਸ੍ਰੀ ਗੁਰੂ ਹਰ ਗੋਬਿੰਦ ਜੀ ਸਾਹਿਬ ਬਹੁਤ ਦੇਰ ਜਾਕੇ ਠੈਹਰੇ, ਜਿਸ ਦੀ ਸੇਵਾ ਤੋਂ ਖੁਸ਼ ਹੋਕੇ ਵਰ ਦਿਤਾ ਜੋ ਤੇਰੀ ਸਿਖੀ ਸੇਵਕੀ ਚਲੇਗੀ, ਸੋ ਹੁਣ ਭਾਟੀ ਦਰਵਾਜੇ ਲਾਹੌਰ ਵਿਚ ਫੇਰੂ ਮਲਾਂ ਦਾ ਗੁਰ ਦੁਵਾਰਾ ਹੈ ਜਿਸਦੀ ਮਾਲਕ ਭਾਈ ਜੀਵਨ ਦੀ ਔਲਾਦ ਹੈ।

(ਸ) ਇਸ ਕੌਮ ਦੇ ਸਿਦਕੀ ਸਿਖ ਭਾਈ [illegible] ਭਾਈ ਮੋਖਾ ਆਦ ਨੂੰ ਹਮੇਸ਼ਾਂ ਸ੍ਰੀ ਗੁਰੂ [illegible] ਨੇ ਨਾਲ ਰਖਿਆ ॥

([illegible]) [ਓ] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦ ਭੰਗਾਣੀ ਦਾ ਜੁੱਧ ਕੀਤਾ ਤਾਂ [illegible] ਦਾ ਬਰਤਾਂਤ ਇਕ [illegible] ਨੇ ਇਸ ਪ੍ਰਕਾਰ ਵਰਨਨ ਕੀਤਾ ਹੈ:-

ਕੀਆ ਜੁੱਧ ਗੁਰ ਦਸਮ ਭੰਗਾਣੀ,
ਤੀਰ ਤੁਫੰਗ ਤੇਗ਼ ਕ੍ਰਿਪਾਣੀ ।
ਤਹਾਂ ਬੀਰ ਬਹੁ ਜੰਗ ਮਚਾਇਓ,
ਦੁਸ਼ਟਨ ਕਾ ਗੁਰ ਨਸ਼ਟ ਕਰਾਇਓ ।
ਰਾਮ ਸਿੰਘ ਤਰਖਾਨ ਉਜਾਗਰ,
ਬਡਾ ਬੀਰ ਰਣ ਮਹਿ ਬਹਾਦਰ ।
ਤੋਪ ਕਾਠ ਕੀ ਲਈ ਬਨਾਇ,
ਪਾਪਨ ਗੋਲੇ ਦਏ ਚਲਾਇ ॥
ਦਸਮ ਗੁਰੂ ਜੀ ਭਏ ਕਰਪਾਲ,
ਰਾਮ ਸਿੰਘ ਕੋ ਕੀਆ ਨਿਹਾਲ ।
ਵਰ ਦੀਨਾ ਸ੍ਰੀ ਮੁਖੋਂ ਉਚਾਰੀ,

ਸੁਨੋ ਸਿਖ ਤੁਏ ਬੰਸ ਮਝਾਰੀ ।
ਪ੍ਰੇਮਾ ਭਗਤੀ ਔ ਸਤ ਸੰਗਾ,
ਕਰੇ ਖੇਤ ਮੈਂ ਬਹੁਤੇ ਜੰਗ ।
ਰਣਿਮੇਂ ਹਾਰ ਕਦੀ ਨਾਹੀਂ ਪਾਵੇ,
ਸੰਤ ਟੈਹਲ ਕੋ ਸਦਾ ਕਮਾਵੇ ।
ਰਾਜਨ ਕੇ ਰਾਜੇ ਬਣ ਜਾਵੇ,
ਸਤ ਸੰਗਤ ਮੇਂ ਮਿਲ ਰਹਾਵੇ ।

(ਅ) ਅੰਮ੍ਰਿਤ ਛਕਾਕੇ ਸਿੰਘ ਸਜਾਯਾ, ਸਰਦਾਰੀਆਂ ਤੇ ਜਗੀਰਾਂ ਬਖਸ਼ੀਆਂ ਹੋਰ ਕੌਮਾਂ ਨੂੰ ਤਾਂ ਵਡਾ ਕਠਨ ਕੰਮ ਕਰਨੇ ਪਰ ਬਹੁਤਾ ਧਨ ਖਰਚ ਕਰਕੇ ਵਡੀ ਮੁਸ਼ਕਲਾਂ ਨਾਲ ਸਰਦਾਰੀ ਦੀ ਪਦਵੀ (ਖਤਾਬ) ਮਿਲਦੀ ਪਰ ਗੁਰੂ ਦਿਆਂ ਸਿਖਾਂ ਨੂੰ ਜਦ ਅੰਮ੍ਰਿਤ ਛਕਿਆ ਤੇ ਸਿੰਘ ਬਣਿਆਂ ਉਸੇ ਦਿਨ ਸਰਦਾਰੀ ਦੀ ਪਦਵੀ ਮਿਲ ਗਈ ਇਹ ਕਹਣਾ ਕੁਝ ਝੂਠ ਨਾ ਹੋਵੇਗਾ ਕਿ "ਸਰਦਾਰੀ ਗੁਰੂ ਘਰ ਦੀ ਖਾਸ ਦੇਣੀ ਹੋਈ ਹੈ" ॥

ਕਾਂਡ ੩

ਪਿਆਰੇ ਪਾਠਕ ਜੀ ! ਗੁਰੂ ਸਾਹਿਬਾਨ ਦਾ ਪਿਆਰ ਰਾਮਗੜ੍ਹੀਆ ਕੌਮ ਨਾਲ ਐਥੇ ਨਮੂਨੇ ਮਾਤਰ ਹੀ ਦਸਿਆ ਗਿਆ ਹੈ ਕਿਉਂ-ਕਿ ਜੇ ਵਿਸਤਾਰ ਨਾਲ ਲਿਖਿਆ ਜਾਵੇ ਤਾਂ ਗੁਰੂ ਸਾਹਿਬਾਨ ਦੇ ਉਪਕਾਰਾਂ ਦੀ ਹੀ ਇਕ ਵਡੀ ਸਾਰੀ ਪੁਸਤਕ ਬਨ ਸਕਦੀ ਹੈ।

ਪਰ ਇਹ ਪਤ੍ਰੇ ਪੜ੍ਹਕੇ ਆਪ ਨੂੰ ਪਤਾ ਲਗ ਗਿਆ ਹੋਣਾ ਹੈ ਜੋ ਗੁਰੂ ਸਾਹਿਬਾਨ ਨੇ ਰਾਮ ਗੜ੍ਹੀਆ ਕੌਮ ਨੂੰ ਕਿਸਤਰਾਂ ਅਪਣੇ ਅੰਗ ਸੰਗ ਰਖਕੇ ਇਸ ਕੌਮ ਦੇ ਫਖਰ ਨੂੰ ਵਧਾਇਆ।

ਹੁਣ ਅਸੀਂ ਇਸ ਕਾਂਡ ਵਿਚ ਸੰਖੇਪ ਨਾਲ ਇਹ ਦਸਾਂਗੇ ਕਿ ਇਸ ਕੌਮ ਦੇ ਬੀਰ ਸਿਖ ਤੇ ਸਿਖਣੀਆਂ ਨੇ ਅਪਣੇ ਦੇਸ ਤੇ ਧਰਮ ਦੀ ਰਖਿਆ ਲਈ ਕਿਸਤਰਾਂ ਜਾਨਾਂ ਵਾਰ ਵਾਰ ਕੇ ਖਾਲਸਾ ਪੰਥ ਦੀ ਖੁਸ਼ੀ ਲੀਤੀ, ਜਿਸ ਪਰ ਖਾਲਸਾ ਪੰਥ ਨੇ ਖੁਸ਼ ਹੋਕੇ ਇਸ ਕੌਮ ਨੂੰ "ਰਾਮ ਗੜ੍ਹੀਆ" ਖਤਾਬ ਦਿਤਾ॥

(੧) ਭਾਈ ਹਰਦਾਸ ਜੋ ਮੈਂਅਸਾਹਿਬ ਸਿੰਘ ਦੇ ਹਨ। ਵਾਲੇ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਲਗੀਧਰ ਮਹਾਰਾਜ ਦੇ ਜੁੱਧ ਜੰਗਾਂ ਵਿਚ ਹਮੇਸ਼ਾਂ ਨਾਲ ਰਹੇ ਤੇ ਤਨੋਂ ਮਨੋਂ ਗੁਰੂ ਸਾਹਿਬ ਜੀ ਦੀ ਸੇਵਾ ਕਰਦੇ ਰਹੇ, ਗੁਰੂ ਸਾਹਿਬ ਨੇ ਖੁਸ਼ ਹੋਕੇ ਵਰ ਦਿਤਾ ਕਿ ਤੇਰੇ ਘਰ ੫ ਸਪੁਤ੍ਰ ਬੀਰ ਬਹਾਦੁਰ ਹੋਵਣਗੇ ਜਿਨ੍ਹਾਂ ਦੀ ਬਹਾਦਰੀ ਪੰਥ ਵਿਚ ਉੱਘੀ ਹੋਵੇਗੀ ਤੇ ਆਪਣੀ ਕੌਮ ਦੇ ਫਖਰ ਹੋਣਗੇ। ਸੋ ਇਨ੍ਹਾਂ ਦੇ ਸਪੁਤ੍ਰ ਖੁਸ਼ਹਾਲ ਸਿੰਘ ਮਾਲੀ ਸਿੰਘ ਭਗਵਾਨ ਸਿੰਘ ਜੀ ਦੇ ਸਪੁਤ੍ਰ ਸ੍ਰ: ਜੱਸਾ ਸਿੰਘ ਆਦਿ ਹੋਏ ਜੋ ਕੌਮ ਲਈ ਫਖਰ ਦਾ ਕਾਰਨ ਬਨੇ॥

(੨) ਸੁਖਾ ਸਿੰਘ ਜਿਨ੍ਹਾਂ ਦੀ ਕਥਾ ਇਸ ਪ੍ਰਕਾਰ ਲਿਖੀ ਹੈ:—

ਕੰਬੋ ਮਾੜੀ ਕਾ ਤਰਖਾਣ,
ਹੁਤੋ ਸਿੰਘ ਇਹ ਲਖੋ ਸੁਜਾਨ।
ਵਖਤ ਸਖਤ ਜਬ ਸਿੰਘਨ ਪਰਿਓ,
ਤਬ ਇਹ ਗਿਓ ਇਕ ਦਿਨ ਘਰਿਓ।

ਤੁਰਕਨ ਫਿਰੰਗਨੀਆਂ ਛਡ ਜਾਵੀ,
ਠਾਕਰ ਫਿਰਾਯੋ ਤੁਰਤ ਚਲਾਕੈ ।
ਸੁਪਨ ਸਿੰਘ ਉਸ ਖਸ਼ੀ ਬਖਾਰੀ,
ਗਯੋ ਹੁਤੋ ਆਯੋ ਘਰ ਨਾਹੀਂ ।
ਫਿਰਕੀ ਮੁਲਕ ਦੇਖ ਕਰ ਤਬਹੀ,
ਸੁਖਾ ਸਿੰਘ ਆਯੋ ਘਰ ਜਬਹੀ ।
ਮਾਤ ਪਿਤਾ ਭਾਈ ਤ੍ਰਿਆ ਟੇਰੇ,
ਤੂੰ ਪਕੜਿਓ ਜੈਹੈਂ ਕਿਸ ਬੇਰੇ ।
ਇਹ ਸਿੰਘੀ ਅਤਿ ਬੁਰੀ ਬਲਾ ਹੈ,
ਪਾਇ ਰਖੀ ਨਿਜ ਗਲ ਤੈ ਪਾ ਹੈ ।
ਕੇਸ ਮੁੰਡਾ ਛੋੜ ਅਬ ਸਿਰ ਕੇ,
ਬਨੇ ਰਹੋ ਮੋਨੇ ਸਿਖ ਗੁਰ ਕੇ ।
ਸੁਣਕੇ ਸਿੰਘ ਲੜਿਓ ਉਨ ਸੰਗੇ,
ਉਨ ਮਿਲ ਕੀਨੋ ਦਗਾ ਕੁਢੰਗੇ ।
ਸਾਗ ਵੀਚ ਬਹੁ ਭੰਗ ਖੁਵਾਈ,
ਸੋਯੋ ਜਬ ਸਿਰ ਦਿਯੋ ਮੁੰਡਾਈ ।
ਜਾਗ ਜਬੈ ਸਿੰਘ ਸਿਰ ਹਥ ਫੇਰਾ,
ਭੇਜੋ ਖੰਡੀ ਰਾਰ ਬਖੇੜਾ ।

ਆਖਰ ਇੱਕ ਮਨ ਇਹ ਦਿਢ ਠਿਯੋ,
ਕੇਸਨ ਸੰਗ ਧਰਮ ਮਮ ਗਿਯੋ।
ਅਬ ਜੀਵਨ ਨਿਸਫਲ ਹੈ ਮੇਰਾ,
ਡੂਬ ਕੂਪ ਮੈਂ ਮਰਨ ਚੰਗੇਰਾ।
ਛਾਲ ਕੂਪ ਮੈਂ ਮਾਰੀ ਜਾਇ,
ਕਾਢਨ ਗਏ ਸੰਬੰਧੀ ਧਾਏ।
ਇਹ ਨ ਨਿਕਸੇ ਮਰਨਾ ਚੈ ਹੈ,
ਤਬ ਇਕ ਸਿਖ ਕਹਯੋ ਇਮ ਐਹੈ।
ਯੌ ਆਤਮ ਘਾਤੀ ਕਿਯੋਂ ਥੈ ਹੈਂ,
ਮਿਲੋ ਖਾਲਸੇ ਮੈਂ ਜਾ ਧੈ ਹੈਂ।
ਤੁਰਕੈ ਹਤ ਤਹਿ ਲੇਹੁ ਸ਼ਹੀਦੀ,
ਯੌ ਕਿਯੋਂ ਮਰ ਹੈ ਬਨਕੇ ਗੀਦੀ।
ਏਹੀ ਬਚਨ ਸੁੱਖਾ ਸਿੰਘ ਮਾਨਾ,
ਇਸਹੀ ਮੈਂ ਨਿਜ਼ ਲਖੀ ਕਲਯਾਨਾ।
ਨਿਕਸ ਰਹਿਯੋ ਨਿਜ ਧਾਮ ਬਹੋਰੀ,
ਲਈ ਤਕਾਇ ਪੈਂਚ ਕੀ ਘੋੜੀ।
ਇਕ ਦਿਨ ਪੈਂਚ ਕਿਤੀ ਤੈਂ ਆਯੋ,
ਤਹਿ ਸੁਤ ਪਾਨੀ ਪਯਾਵਨ ਗਿਯੋ।

ਪਿਛੇ ਛਕਿਓ ਸੁਖਾ ਸਿੰਘ ਧਾਲੀ,
ਤਾਲ ਤੀਰ ਢਿਗ ਢੁਕਿਓ ਜਾਲੀ।
ਤਿਸ ਕੋ ਦੀਨੋ ਛਲੇ ਗਰਾਈ,
ਲੀਨੀ ਕਾਠੀ ਪਈ ਪਵਾਈ।
ਹੋਇ ਸਵਾਰ ਪੰਥ ਮੈਂ ਆਯੋ,
ਹਾਲ ਸੁਨਾ ਆਦਰ ਬਡ ਪਾਯੋ।
ਸਗ਼ਾਮ ਸਿੰਘ ਠਾਰੋਕਯਾਂ ਵਾਲਾ,
ਜਥੇਦਾਰ ਥਾ ਬੀਰ ਬਿਸਾਲਾ
ਤਿਸਤੇ ਅੰਮ੍ਰਿਤ ਛਕਿਓ ਦੁਬਾਰੈ,
ਤਿਸੀ ਡੇਰੇ ਮੈਂ ਰਹਿਯੋ ਬਿਚਾਰੈ।
ਹੁਤੋ ਬਹਾਦੁਰ ਇਹ ਵਡ ਸੂਰਾ।
ਜਵਾਂ-ਮਰਦ ਜਤ ਸਤ ਮੈਂ ਪੂਰਾ।
ਬਾਰ ਕਈ ਧਨ ਲੂਟ ਲਿਯਾਯੋ,
ਪੈਂਚ ਤਾਂਈ ਮੁਲ ਘੋੜੀ ਘਲਾਯੋ।
ਬਾਕੀ ਪਾਏ ਲੰਗਰ ਮਾਂਹੀਂ,
ਆਦਰ ਕਰੈ ਪੰਥ ਸਬ ਤਾਂਹੀਂ।

(੩) ਬੀਬੀ ਹਰ ਸ਼ਰਨ ਕੌਰ ਖੇਮ ਕਰਨ ਵਾਲੇ ਭਾਈ ਮੋਹਰੀ ਦੀ ਔਲਾਦ ਵਿਚੋਂ ਸੀ,

ਜਿਸਨੂੰ ਸਿਖਾਂ ਦੇ ਇਕ ਜਥੇ ਨੇ ਇਕ ਮੁਸਲ-ਮਾਨ ਹਾਕਮ ਦੇ ਪੰਜੇ ਤੋਂ ਛੁਡਾਇਆ ਸੀ ਤੇ ਜਿਥੇ ਖਾਲਸੇ ਦੀ ਬਹਾਦਰੀ ਤੇ ਧਰਮ ਰਖਿਆ ਨੂੰ ਦੇਖਕੇ ਬੀਬੀ ਦਾ ਮਨ ਅਜਿਹਾ ਸਿੱਖੀ ਧਰਮ ਵਿਚ ਪੱਕਾ ਹੋਇਆ ਕਿ ਸਾਰੀ ਉਮਰ ਖਾਲਸੇ ਦੇ ਨਾਲ ਹੀ ਬਾਹਰ ਜੰਗਲਾਂ ਵਿਚ ਰਹੀ ਤੇ ਤਲਵਾਰ ਲੈਕੇ ਜੁੱਧਾਂ ਜੰਗਾਂ ਵਿਚ ਵੈਰੀਆਂ ਦੇ ਨਾਲ ਲੜਦੀ ਰਹੀ ਤੇ ਕਈ ਵਾਰ ਔਖੇ ਸਮਿਆਂ ਤੇ ਅਪਣੀ ਜਾਨ ਪਰ ਖੇਡ ੨ ਕੇ ਪੰਥ ਸੇਵਾ ਕੀਤੀ ॥

ਇਕ ਵਾਰ ਦਾ ਜਿਕਰ ਹੈ ਕਿ ਸ੍ਰ: ਮਹਾਂ ਸਿੰਘ (ਜਿਸ ਜਥੇ ਵਿਚ ਇਹ ਬੀਬੀ ਸੀ ਉਸ ਜਥੇ ਦਾ ਸਰਦਾਰ ਸੀ) ਆਪਣੇ ੮੦੦ ਜਵਾਨਾ ਨਾਲ ਜਮਰੂਦ ਦੇ ਕਿਲੇ ਵਿਚ ੮੦ ਹਜ਼ਾਰ ਵੈਰੀਆਂ ਦੇ ਘੇਰੇ ਵਿਚ ਆ ਗਿਆ, ਨਿਕਲਨ ਦਾ ਕੋਈ ਰਾਹ ਨ ਦਿਸੇ ਨ ਅਜਿਹੀ ਕੋਈ ਸੂਰਤ ਬਣੇ ਜਿਸ ਨਾਲ ਸ੍ਰ: ਹਰੀ ਸਿੰਘ ਨਲੂਆ ਨੂੰ (ਜੋ ਉਸ ਵੇਲੇ ਪਿਸ਼ਾਵਰ ਵਿਚ

ਸ਼ੀ) ਖਬਰ ਦਿਤੀ ਜਾਵੇ ਤਾਂ ਜੋ ਐਸ ਵੇਲੇ ਉਹ ਮਦਦ ਆ ਕਰੇ, ਰਾਤ ਦਾ ਵੇਲਾ ਹਥ ਮਾਰਿਆਂ ਨਜਰ ਨ ਆਵੇ ਚਾਰੇ ਪਾਸੇ ਵੈਰੀਆਂ ਦੇ ਦਲ ਘੇਰਾ ਪਾਈ ਬੈਠੇ ਹੋਏ ਸੇ ਸਾਰੇ ਸਿੰਘਾਂ ਅਰਦਾਸਾ ਸੋਧ ਗੁਰਮਤਾ ਕੀਤਾ ਜੇ ਰਾਤ ੨ ਵਿਚ ਸ੍ਰ: ਹਰੀ ਸਿੰਘ ਨੂੰ ਖਬਰ ਕੀਤੀ ਜਾਵੇ ਤਾਂ ਸਾਡੀ ਖੈਰ ਹੈ, ਨਹੀਂ ਤਾਂ ਦਿਨ ਚੜ੍ਹਦੇਹੀ ਸਾਰਿਆਂ ਨੂੰ ਸ਼ਹੀਦ ਹੋਣਾ ਪੈਣਾ ਹੈ ਉਸ ਸਮੇਂ ਬਾਹਰ ਨਿਕਲਨਾ ਬੀ ਇਕ ਟੇਢੀ ਖੀਰ ਸੀ, ਸੂਰਮੇ ਤੇ ਸੂਰਮੇ ਦਾ ਦਿਲ ਬੀ ਕੰਬ ਉਠਦਾ ਸੀ। ਇਸ ਕਠਨ ਸੇਵਾ ਨੂੰ ਬੀਬੀ ਨੈ ਅਪਣੇ ਸਿਰ ਲੀਤਾ ਤੇ ਸਨੇਹਾ ਲੈ ਅਪਣਾ ਭੇਸ ਵਟਾ ਕਿਲੇ ਦੀ ਗੰਦੀ ਮੋਰੀ ਥਾਂਣੀ ਲੰਮੀ ਪੈ ਪੈ ਬਾਹਰ ਨਿਕਲੀ ਕਿਉਂ ਜੋ ਹੋਰ ਕੋਈ ਸੂਰਤ ਬਾਹਰ ਨਿਕਲਨ ਦੀ ਨ ਸੀ। ਉਸੇ ਮੋਰੀ ਵਿਚ ਹੀ ਘਿਸਰ ਘਿਸਰ ਵਡੀ ਔਖ ਨਾਲ ਵਡੀ ਦੂਰ ਜਾਕੇ ਮੋਰੀਓਂ ਬਾਹਰ ਹੋ ਜੰਗਲ ਦਾ ਰਾਹ ਲੀਤਾ। ਵੈਰੀਆਂ

ਤੋਂ ਅਪਣੇ ਆਪ ਨੂੰ ਬਚਾਉਂਦੀ ਹੋਈ ਅੱਧੀ ਰਾਤ ਪਿਸ਼ਾਵਰ ਪੁਜੀ ਤੇ ਵਡੀ ਦਲੇਰੀ ਤੇ ਹੌਸਲੇ ਨਾਲ ਸਿਧੀ ਸਰਦਾਰ ਨੂੰ ਜਾ ਮਿਲੀ ਤੇ ਅਪਣੇ ਪਹੁੰਚਨ ਦੀ ਖਬਰ ਦੇਣ ਲਈ ਉਸੇ ਵੇਲੇ ਪਿਸ਼ਾਵਰ ਤੋਪ ਦਗਵਾ ਦਿਤੀ ਤਾਂ ਕਿ ਸ੍ਰ: ਮਹਾਂ ਸਿੰਘ ਦੇ ਜਥੇ ਨੂੰ ਪਤਾ ਹੋ ਜਾਵੇ ਜੋ ਬੀਬੀ ਸੁਖ ਨਾਲ ਪਸ਼ਾਵਰ ਪਹੁੰਚ ਗਈ ਹੈ। ਤੋਪ ਦੀ ਆਵਾਜ਼ ਸੁਣਕੇ ਸਾਰੇ ਜਥੇ ਦਾ ਹੌਸਲਾ ਵਧ ਗਿਆ ਤੇ ਸਭ ਨੇ ਜ਼ੋਰ ਨਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਯਾ ਜਿਸ ਨੂੰ ਸੁਣਕੇ ਵੈਰੀਆਂ ਦੇ ਦਿਲ ਕੰਬ ਗਏ।

ਜਦ ਦਿਨ ਚੜ੍ਹਨੇ ਵਾਲਾ ਹੋਇਆ ਤਾਂ ਸ੍ਰ: ਹਰੀ ਸਿੰਘ ਨਲਵਾ ਅਪਣੀ ਫੌਜ ਸਮੇਤ ਦੁਸ਼ਮਨ ਦੇ ਸਿਰਤੇ ਆ ਕੜਕਿਆ, ਜਿਸਨੂੰ ਵੇਖਕੇ ਵੈਰੀਆਂ ਵਿਚ ਭਾਜੜ ਪੈ ਗਈ ਤੇ ਬਹੁਤੇ ਮਾਰੇ ਗਏ ਤੇ ਉਨ੍ਹਾਂ ਦਾ ਬਹੁਤ ਸਾਰਾ ਮਾਲ ਦਾ ਅਸਬਾਬ ਸਿੰਘਾਂ ਦੇ ਹਥ ਆਇਆ ਤੇ ਖਾਲਸੇ ਦੀ ਫਤੇ ਹੋਈ।

ਬੀਬੀ ਦੀ ਇਹ ਬਹਾਦਰੀ ਦੇਖਕੇ ਸਾਰੇ ਪੰਥ ਦੇ ਮੂੰਹੋਂ "ਧੰਨ ਗੁਰੂ ਤੇ ਧੰਨ ਉਸ ਦੀਆਂ ਸੁਆਣੀਆਂ" ਨਿਕਲਿਆ !

(ਬੀਬੀ ਜੀ ਦਾ ਜੀਵਨ ਅਡ ਛਪਿਆ ਹੋਇਆ ਹੈ)

(੪) ਭਾਈ ਮਾਧੋ ਸਿੰਘ ਜੀ ਰਾਮਗੜ੍ਹੀਆ ਜਥੇ ਦਾ ਇਕ ਦਸ ਸਾਲ ਦਾ ਛੋਟਾ ਜਿਹਾ ਬੱਚਾ ਸੀ ਜਿਸ ਦੀ ਬਾਬਤ ਲਿਖਿਆ ਹੈ:-

ਇਕ ਚੋਣ ਸਿੰਘਾਂ ਦਾ ਟੋਲਾ,
ਪਕੜ ਕੁਸੱਤੀ ਲਿਆਇ ।
ਸਨਮੁਖ ਜਾਇ ਨਵਾਬ ਉਨ੍ਹਾਂ ਨੂੰ,
ਸਾਰੇ ਚਾਇ ਖੜਾਏ ।
ਦੇਖ ਨਵਾਬ ਹੁਕਮ ਇਹ ਦਿਤਾ,
ਸਭ ਨੂੰ ਸੰਗਲ ਪਾਵੋ ।
ਫੇਰੋ ਬਹਾਲ ਕਤਾਰ ਲਗਾਕੇ,
ਪਹਿਰੇ ਖੂਬ ਲਗਾਵੋ ।
ਸੰਗਲ ਮਾਰ ਬੈਠਾਏ ਸਾਰੇ,
ਦਿਤਾ ਹੁਕਮ ਕਸਾਈ ।
ਇਕ ਇਕ ਦਾ ਸਿਰ ਧੜ ਤੋਂ ਉਤਾਰੋ,

ਮਾਰੇ ਸਭ ਤਰਸਾਈ ।
ਇਕ ਪਾਸੇ ਤੇ ਵੱਢਣ ਲਗੇ,
ਜਿਊਂ ਰੁੱਖਾਂ ਨੂੰ ਵਾਢੀ ।
ਲਾਹਿ ਲਾਹਿ ਸਿਰ ਧਰ ਪਰ ਸੂਰੇ,
ਤੇਗ਼ ਜ਼ੁਲਮ ਦੀ ਡਾਢੀ ।
ਪਰ ਇਕ ਲੜਕਾ ਵਿਚ ਉਨ੍ਹਾਂ ਦੇ,
ਸੀ ਛੋਟਾ ਦਸ ਸਾਲਾ ।
ਸੰਗਲ ਪੈਰੀਂ ਪਾਈ ਬੈਠਾ,
ਦਿਸਦਾ ਖਰਾ ਨਿਰਾਲਾ ।
ਸੁੰਦਰ ਮੁਖੜਾ ਭੋਲਾ ਜਿਹਾ,
ਦੇਖ ਰਿਹਾ ਇਹ ਸਾਕਾ ।
ਪਰ ਮਨ ਅੰਦਰ ਮੂਲ ਨ ਡਰਦਾ,
ਦੇਖ ਤੇਗ ਦਾ ਝਾਕਾ ।
ਰੰਡੀ ਮਾਈ ਉਸਦੀ ਨੇ ਜਦ,
ਸੁਣਿਆਂ ਹਾਲ ਅਵੇਹਾ ।
ਤੇਰਾ ਪੁਤ੍ਰ ਫੜਿਆ ਮਾਈ,
ਜਾਇ ਕਿਸੇ ਨੇ ਕੇਹਾ ।
ਸੁਣ ਕੇ ਅੱਗ ਲਗੀ ਵਿਚ ਸੀਨੇ,

ਨਠੀ ਨੰਗੇ ਪੈਰੀਂ ।
ਹਾਏ ਰਬਾ ਇਸ ਬਚੇ ਦੀ,
ਤੂੰ ਰਖੀਂ ਜਿੰਦੋ ਖੈਰੀ ।
ਪਿਟੀ ਜਾਇ ਨਬਾਬ ਸਾਹਮਣੇ,
ਮੈਂ ਰੰਡੀ ਦਾ ਜਾਇਆ ।
ਇਕੋ ਸੀ ਅਕਲੌਤਾ ਬੇਟਾ ਜੋ ਤੈਂ,
ਬੰਨ੍ਹ ਬਠਾਇਆ ।
ਸਿੰਘਾ ਵਿਚ ਤੈ ਫੜਿਆ ਐਵੇਂ,
ਪਰ ਇਹ ਸਿੰਘ ਨ ਕੋਈ ।
ਛਡ ਨਮਾਣੀ ਦਾ ਤੂੰ ਬੱਚਾ,
ਉੱਚੀ ਕਹਿਕੇ ਰੋਈ ।
ਸੁਣ ਕੇ ਤਰਸ ਖਾਨ ਨੂੰ ਆਯਾ,
ਕਿਹਾ ਜਲਾਦਾਂ ਤਾਂਈ ।
ਇਸ ਬੁੱਢੜੀ ਦਾ ਲੜਕਾ ਛਡੋ,
ਜੋ ਸਿੰਘਾਂ ਦਾ ਨਾਹੀ ।
ਛਡਨ ਲਗੇ ਬਾਲਕ ਨੂੰ ਜਦ,
ਬੋਲਿਆ ਮਨ ਘਬਰਾਕੇ ।
ਕਿਉਂ ਛਡਨ ਮੈਨੂੰ ਹੋ ਲਗੇ,

(ਬਾਲਕ ਦੀ ਸ਼ਹੀਦੀ)

ਸਿਪਾਹੀ ਬਾਲਕਾਂ (ਸਿੰਘ ਲੜਕੇ) ਨੂੰ ਜ਼ਾਲਮ

(ਮਾਈ ਨੇ ਫੜਵਾ ਦਿੱਤਾ ਸੀ)

ਤੇਗ ਨਕਾਬ ਸੂਸਾਂ ਪਰ ਕੀਤਾ,

ਜੋ ਸੀ ਜਿੰਦੜੀ ਤੋਲੀ।

ਇਹੋ ਗੱਲ ਸੁਣਕੇ ਗੱਜਿਆ ਬਾਲਕ,

ਸ਼ੇਰ ਵਾਂਗ ਉਭਾਰੀ।

ਝੂਠ ਬੋਲਦੀ ਮਾਈ ਮੇਰੀ,

ਹੈ ਪਾਪਣ ਹੱਤਿਆਰੀ।

ਮੈਂ ਖ਼ਾਂ ਸਿੱਖ ਮਰਾਂਗਾ ਐਥੇ,

ਕੋਲ ਭਰਾਵਾਂ ਰਲਕੇ।

ਛੋਡ ਨ ਜਾਂਦਾ ਮੂਲ ਜਿਨ੍ਹਾਂ ਨੂੰ,

ਜਿਨ ਸਿੰਘ ਲਿਆਂਦੇ ਚਲਕੇ।

ਇਹ ਗੱਲ ਕਹਿਕੇ ਵਿਚ ਬੈਠਾ,

ਜਾਨ ਧਰਮ ਪਰ ਵਾਰੀ।

ਕਰੜੀ ਤੇਗ ਗਿੜਾਂ ਸਿਰ ਧਰਤੀ,

ਸੀ ਨ ਮਨੋਂ ਵਿਚਾਰੀ।

[ਇਸ ਬੱਚੇ ਦਾ ਜੀਵਨ ਭੀ ਛਪ ਗਿਆ ਹੈ।]

(੩) ਸ੍ਰ: ਜੱਸਾ ਸਿੰਘ ਜੀ (ਜੋ ਰਾਮਗੜ੍ਹੀਆ ਮਿਸਲ ਦੇ ਬਾਨੀ ਸਨ) [illegible] (ਜਿਨ੍ਹਾਂ ਦਾ ਬ੍ਰਿਤਾਂਤ ਪਹਿਲਾਂ ਆ ਚੁਕਿਆ ਹੈ)

* ਇਕ ਸਮੇਂ ਸ੍ਰ: ਜੱਸਾ ਸਿੰਘ ਜੀ ਨੂੰ ਪੰਥ ਨੇ ਵਕੀਲ ਬਣਾਕੇ ਅਦੀਨਾ ਬੇਗ਼ ਹਾਕਮ ਜਾਲੰਧਰ ਦੇ ਪਾਸ ਭੇਜਿਆ। ਸ੍ਰ: ਜੱਸਾ ਸਿੰਘ ਕਿਉਂਕਿ ਵਡਾ ਦਾਨਾ ਬਹਾਦੁਰ ਅਤੇ ਖੂਬ ਸੂਰਤ ਜਵਾਨ ਸਿੰਘ ਸੀ ਨਵਾਬ ਉਸਦੀ ਦਾਨਾਈ ਦੀ ਬਾਤ ਚੀਤ ਸੁਣਕੇ ਤੇ ਸਜੀਲਾ ਜਵਾਨ ਦੇਖਕੇ ਵਡਾ ਖੁਸ਼ ਹੋਇਆ ਤੇ ਬਹੁਤ ਸਾਰੀ ਤਨਖਾਹ ਦੇਕੇ ਅਪਣੇ ਪਾਸ ਰਖਣਾ ਚਾਹਿਆ। ਸ੍ਰ: ਜੱਸਾ ਸਿੰਘ ਨੇ ਰਹਿਨਾ ਮਨਜ਼ੂਰ ਕਰਲਿਆ ਤੇ ਪੰਥ ਪਾਸੋਂ [illegible] ਨਵਾਬ ਦੇ ਪਾਸ ਇਕ ਵਡੇ ਇਲਾਕੇ ਦਾ ਤਸੀਲਦਾਰ ਹੋ ਗਿਆ ਤੇ ਸੌ ਸਵਾਰ ਦਾ ਅਫਸਰ ਹੋ ਗਿਆ। ਜਦ ਨਵਾਬ ਅਦੀਨਾ ਬੇਗ਼ ਨੇ ਸਿੰਘਾਂ ਨਾਲ ਲੜਨ ਲਈ ਅੰਮ੍ਰਿਤਸਰ ਨੂੰ [illegible] ਸ੍ਰ: ਜੱਸਾ ਸਿੰਘ ਸਣੇ ਅਪਣੇ ਸੌ ਸਵਾਰਾਂ ਤੇ ਕੁਝ ਹੋਰ ਸਿਪਾਹੀਆਂ ਤੇ ਬਹੁਤ [illegible] ਦਾਰੂ ਸਿੱਕਾ ਤੇ ਲੜਾਈ ਦਾ ਹੋਰ ਸਮਾਨ ਨਾਲ ਲੈਕੇ ਇਸ ਮੌਕੇ ਪਰ ਪੰਥ ਨਾਲ ਜਾ ਮਿਲਿਆ ਤੇ ਪੰਥ ਨੇ ਕਿਲ੍ਹਾ ਰਾਮਗੜ੍ਹ (ਜੋ ਪੰਥ ਨੇ ਗੁਰੂ ਰਾਮ ਦਾਸ ਸਾਹਿਬ ਦੇ ਨਾਮ ਪਰ ਸ੍ਰੀ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਬਣਾਇਆ ਸੀ) ਦੀ ਰਾਖੀ ਸ੍ਰ: ਜੱਸਾ ਸਿੰਘ ਜੀ ਦੇ ਸਪੁਰਦ ਕੀਤੀ, ਸ੍ਰ: ਜੱਸਾ ਸਿੰਘ ਜੀ ਨੇ ਵਡੀ ਹਿੰਮਤ ਤੇ ਦਲੇਰੀ ਨਾਲ ਕਿਲੇ ਨੂੰ ਵੈਰੀਆਂ ਪਾਸੋਂ ਬਚਾਈ ਰਖਿਆ [illegible] ਇਹ ਕਿਲਾ ਸਰਦਾਰ ਸਾਹਿਬ ਦੇ ਸਪੁਰਦ ਰਿਹਾ ਜਿਸ ਕਰਕੇ ਇਨ੍ਹਾਂ ਦਾ ਨਾਮ ਪੰਥ ਵਿਚ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਮਸ਼ਹੂਰ ਹੋ ਗਿਆ, ਜਦ ਪੰਥ ਦੀਆਂ ੧੨ ਮਿਸਲਾਂ (ਮਿਸਲਾਂ) [illegible] ਸ੍ਰ: ਜੱਸਾ ਸਿੰਘ ਨੇ ਆਪਣੀ ਮਿਸਲ ਦਾ ਨਾਮ ਰਾਮਗੜ੍ਹੀਆ ਮਿਸਲ ਰਖਿਆ ਜੋ ਪੰਥ ਨੇ [illegible] [illegible]

ਦੇ ਪੋਤ੍ਰੇ ਸਨ, [illegible]
[illegible] ਵਿਚ ਮੰਨੇ ਪਰਮੰਨੇ ਸਨ,
ਤੇ ਜਿਨ੍ਹਾਂ ਦੀ [illegible] ਹੇਠ ੧੮੫੦੦ [illegible]
[illegible] ਮੈਦਾਨ ਵਿਚ ਮਰਨੇ ਮਾਰਨੇ ਵਾਲੇ
ਲੜਾਕੇ ਮੌਜੂਦ ਸਨ, ਜਿਨ੍ਹਾਂ ਦੀ ਬਹਾਦੁਰੀ ਇਸ
ਅਤਿਅਧਿਕ 'ਰੱਖਿਆ' ਲਈ ਕਮਾਲ ਦਰਜੇ
ਦੀ ਵੇਖਕੇ ਪੰਥ ਵਡਾ ਖੁਸ਼ ਹੋਇਆ ਤੇ
[illegible] ਦਿਤਾ:—

ਭੁਲੀ ਮਨ ਧਨ ਕਰ ਸੇਵਾ ਕੀਤੀ, [illegible]
[illegible] ਦੇਸੋਂ ਵੈਰੀ ਕੱਢੇ ਮਾਰ।
[illegible] ਸੂਰਜ ਹੋਕੇ, [illegible]
[illegible] ਪਾਲਣ ਬਦਲੇ ਸਦਾ ਤਿਆਰ।
[illegible] ਰਾਖੀ ਰਾਖੀ, [illegible]
[illegible] ਸਖੀ ਆਖੀ ਨਰ ਅਰ ਨਾਰ। [illegible]
[illegible] ਸੁੰਦਰ ਬਾਂਕਾ, [illegible]
ਜੱਸਾ ਸਿੰਘ [illegible]
ਸੁਣ ਸੁਣ ਸੇਵਾ ਸਿੰਘ ਹੁਰਾਂ ਦੀ,
ਖੁਸ਼ੀਆਂ ਕਰਦਾ ਪੰਥ ਅਪਾਰ।

[illegible] ਨਸ [illegible]
ਨਸ [illegible] ਬਹੁਤੀ ਪਿਤਾ [illegible]
[illegible] ਮਿਠ [illegible] ਨਦੀ [illegible]
[illegible] ਕੌਮ [illegible]
[illegible] ਦੀ ਰਿਖਿਆ ਸਾਰੇ [illegible]
[illegible] ਵਿਚ ਹੁੰਦਾ [illegible]
[illegible] ਇਹ [illegible] ਅਦਬ
ਲੈਕੇ ਆਪਣੀ ਕੌਮ ਦੀ ਇੱਜ਼ਤ ਨੂੰ [illegible]
ਵਧਾਇਆ [illegible] ਮਿਸਲਾਂ ਵਿਚ [illegible]
ਮਿਸਲ ਅਵੱਲ ਦਰਜੇ ਦੀ ਗਿਣੀ ਗਈ,
੩੫ ਲਖ ਦੀ ਆਮਦਨੀ ਦੇ ਮੁਲਕ [illegible]
ਮਾਲਕ [illegible] ਜੋ ਆਮਦਨੀ ਦੇ ਲਿਹਾਜ਼
ਨਾਲ ਭੀ ਸਾਰੀ ਮਿਸਲਾਂ ਤੋਂ ਵਧੀ ਹੋਈ ਸੀ
ਉਸ [illegible] ਮਿਸਲ ਦੇ [illegible] ਵਡੇ ਵਡੇ
ਸਰਦਾਰ ਸਨ ਤੇ [illegible] ਕਿਲੇ [illegible]
ਕਬਜ਼ੇ ਵਿਚ [illegible]॥ [illegible]

ਨੂਸੀ) (ਪ੍ਰਸਿਧ) [illegible] (ਚ)
ਸਨ ਪਿਆਰੇ [illegible] ਜੀ ਨੇ [illegible] ਕਰੋ
[illegible] ਹੋਣਾ [illegible] ਕੌਮ ਦੇ ਲੱਖਾਂ [illegible]
ਅਤੇ ਬਹਾਦਰ ਸੂਰਬੀਰਾਂ ਨੇ ਕਿਸਤਾਂ
ਜਾਨਾਂ ਕੁਰਬਾਨੀਆਂ ਬਣਾ ਕੇ ਇਸ ਤੇ ਪਰਮਾਰਥੀ
[illegible] ਕੀਤੀ ਅਤੇ ਸੰਸਾਰਕ ਤੇ ਪਰਮਾਰਥ
ਸੁਖ ਹਾਸਲ ਕੀਤੇ, ਪਰ ਨਾਲ ਹੀ ਇਹ ਭੀ
ਦਸਨਾ ਅਯੋਗ ਨਾਂ ਹੋਵੇਗਾ ਕਿ ਸਿਲਪਕਾਰੀਆਂ
ਦੀ ਉੱਤਮਤਾ ਭੀ ਸੰਖੇਪ ਨਾਲ ਦੱਸੀ ਜਾਵੇ,
ਕਿਉਂਕਿ ਜਿਹੜੇ ਭਰਾ ਇਸ ਪੇਸ਼ੇ ਨੂੰ ਮਾੜਾ
ਸਮਝਕੇ ਇਸ ਤੋਂ ਨਫਰਤ ਕਰਦੇ ਹੈਨ ਉਨ੍ਹਾਂ
ਨੂੰ ਪਤਾ ਲਗ ਜਾਵੇ, ਕਿ ਇਹ ਕੰਮ ਕਰਦੇ ਭੀ
ਨਫਰਤ ਕਰਨੇ ਦੇ ਯੋਗ ਨਹੀਂ ਸਗੋਂ ਸਾਡੀ
ਕੌਮ ਦੀ [illegible] (ਖ)

(੧) ਸਿਲਪਕਾਰ ਕੰਮ ਜਿਸੇ ਮਨੁਖ ਦੇ
ਅੰਦਰ ਜਾਂ ਹੋਰ ਮਾਨਨੀਯ ਪੁਰਸ਼ ਕਰਨ ਉਹ
ਕੰਮ ਕਦੇ ਭੀ ਪੂਰਾ ਨਹੀਂ ਹੋ ਸਕਦਾ ਚੁਨਾਂਚਿ
ਇਸ ਕੰਮ ਨੂੰ:—

(ੳ) ਹਜ਼ਰਤ ਈਸਾ (ਮਸੀਹ) (ਜਿਨ੍ਹਾਂ ਦੇ ਈਸਾਈ ਅਜ ਦੁਨੀਆਂ ਦੇ [illegible] ਜਿਸ ਦੇ ਪ੍ਰੋਟੈਸਟੈਂਟ ਵਾਲੇ ਅਜ ਦੁਨੀਆਂ ਦੇ ਹੁਸ਼ਿਆਰ ਆਦਮੀ ਹੈਂ ਤੇ ਦਿਨੋਂ ਦਿਨੀ ਇਹ ਮਤ ਤ੍ਰੱਕੀ ਕਰਦਾ ਜਾਂਦਾ ਹੈ) ਇਸ ਕੰਮ ਨੂੰ ਆਪ ਕਰਦੇ ਰਹੇ ਤੇ ਅਪਣੇ ਚੇਲਿਆਂ ਨੂੰ ਇਸਦੀ ਉੱਤਮਤਾ ਦਸਕੇ ਇਸ ਦੇ ਕਰਨ ਦੀ ਆਗਿਆ ਦਿੰਦੇ ਰਹੇ ॥

(ਅ) ਹਜ਼ਰਤ ਮੁਹੰਮਦ ਸਾਹਿਬ (ਜੋ ਮੁਸਲਮਾਨੀ ਮਤ ਦੇ ਪ੍ਰਵਿਰਤਕ ਹੋਏ ਜਿਨ੍ਹਾਂ ਦੇ ਪੈਰੋਕਾਰ ਦੁਨੀਆਂ ਦੇ ਹਰ ਇਕ ਦੇਸ ਵਿਚ ਮੌਜੂਦ ਹਨ) ਇਹੀ ਕੰਮ ਕਰਕੇ ਗੁਜ਼ਾਰਾ ਕਰਦੇ ਸਨ ॥

(ੲ) ਹਜ਼ਰਤ ਇਬ੍ਰਾਹੀਮ ਸਾਹਿਬ (ਜੋ ਮੁਸਲਮਾਨਾਂ ਦੇ ਵਡੇ ਬਰਗਜ਼ੀਦ (ਪੁਰਸ਼ ਹੋਏ ਹਨ) ਆਜ਼ਰ (ਜੋ ਬੁਤ ਬਣਾਨਾ ਵਾਲਾ ਸੀ ਦੇ ਸਪੁਤ੍ਰ ਸਨ) ਸਾਰੀ ਉਮਰ ਏਹ ਕੰਮ ਕਰਦੇ ਰਹੇ ॥

੭(ਸ) ਬਾਬਾ ਵਿਸ੍ਵਕਰਮਾ ਜੀ (ਜੋ ਇਤਿ-
ਹਾਸ ਵਿਚ ਮੰਨੇ ਪ੍ਰਮੰਨੇ ਸ਼ਿਲਪਕਾਰ ਸਨ)
ਨੇ ਸਭ ਤੋਂ ਪਹਿਲਾਂ ਇਸ ਕੰਮ ਨੂੰ ਸ਼ੁਰੂ
ਕੀਤਾ ਸੀ [illegible] ੫੫ (ਮ)

(ਰ) ਮੈ ਦਾਨੋ (ਰਾਖਸ਼) ਸ਼ਿਲਪ ਵਿਦਿਆ
ਵਿਚ ਉਸਤਾਦ ਹੀ ਲਾਇਕ ਸਨ ਜਿਵੇ
ਦੇਵਤਿਆਂ ਵਿਚ ਵਿਸ਼ਕਰਮਾ ਜੀ ॥

(ਕ) ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਇਸ
ਪੇਸ਼ੇ ਦੀ ਉੱਤਮਤਾ ਭਾਈ ਲਾਲੋ ਦੀ ਰੋਟੀ
ਵਿਚੋਂ ਦੁੱਧ ਕੱਢਕੇ ਸਾਰਿਆਂ ਤੇ ਪ੍ਰਗਟ ਕੀਤੀ।

(ਖ) ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ
ਸਾਹਿਬ ਨੇ ਆਪਣੇ ਸਫ਼ਰ ਨਾਮੇ ਵਿਚ ਉਨ੍ਹਾਂ
ਦੀ ਆਤਮਕ ਸ਼ਕਤੀ ਦਾ ਜ਼ਿਕਰ ਕਰਦੇ ਹੋਏ
ਆਲਾ ਦਰਜੇ ਦੇ ਇੰਜੀਨੀਅਰ ਭੀ ਲਿਖਦਾ
ਹੈ ਕਿਉਂਕਿ ਉਹ ਲਿਖਦੇ ਹਨ ਕਿ ਹਰ
ਮੰਦਰ ਜੀ ਅੰਮ੍ਰਿਤਸਰ ਤੇ ਸੰਤੋਖਸਰ ਦਾ ਨਕਸ਼ਾ
ਗੁਰੂ ਸਾਹਿਬ ਨੇ ਆਪ ਬਣਾਇਆ ਸਨ ਜੀ

੫ (ਗ) ਗੁਰੂ ਦੇ ਸਿੱਖਾਂ ਨੇ ਇਸ ਕੰਮ ਦਿ

ਕਰੋੜਾਂ ਤੋਂ ਵਧੀਕ ਮਾਲ ਲੁੱਟੀਂ [illegible] ਸਗੋਂ
ਜਿਸ ਵੇਲੇ [illegible] ਘੰਟੀ [illegible] ਰਹੇ [illegible]
ਸਰਕਾਰ ਵੱਡੇ ੨ ਕਿਲੇ ਬਣਾ ਲਏ॥ [illegible]

(ਘ) ਜਦ ਸ੍ਰੀ ਗੁਰੂ ਹਰ ਗੋਬਿੰਦ ਜੀ ਮਹਾਰਾਜ ਬਾਦਸ਼ਾਹ ਦੇ ਭੇਜੇ ਹੋਏ ਗਵਾਲੀ-ਅਰ ਦੇ ਕਿਲੇ ਵਿਚ ਗਏ ਤਾਂ ਉਨ੍ਹਾਂ ਨੂੰ ਬਾਦਸ਼ਾਹ ਵਲੋਂ ੫੦੦) ਰੁਪਏ ਨਿਤ ਮਿਲਦੇ ਸਨ ਪਰ ਸੋ ਰੁਪਏ [illegible] ਮੋਖਾ ਤੇ ਪੈਸਾ ਆਦਿ ਸਿਖ ਘਾਹ ਆਦਿ ਦੀ ਮਜੂਰੀ ਕਰਕੇ ਲਿਆਉਂਦੇ ਸਨ ਸੋ ਗੁਰੂ ਸਾਹਿਬ ਅੰਗੀਕਾਰ ਕਰਦੇ ਸਨ।

(੨) ਜਦ ਤਕ ਹਿੰਦੁਸਤਾਨ ਵਿਚ ਇਸ ਪੇਸ਼ੇ ਦੀ ਕਦਰ ਰਹੀ ਉਸ ਵੇਲੇ ਤਕ ਇਸ ਤੁੱਰਕੀ ਦੀ ਚੋਟੀ ਤੇ ਰਹਿਆ [illegible], ਜਦ ਤੋਂ ਕਦਰ ਘੱਟ ਹੋਈ ਤਦ ਤਰੱਕੀ ਦੀ ਥਾਂ ਤਨੱਜ਼ਲੀ ਸ਼ੁਰੂ ਹੋ ਗਈ ਹੈ। [illegible]

(੩) ਅਸਲ ਆਪਣੇ ਭਾਈਆਂ ਸਮੇਤ ਇੰਗਲੈਂਡ [illegible] ਦੇਸ ਕੋ ਨ [illegible] ਪ੍ਰਸਿਧ ਹੋ [illegible] ਉਨ੍ਹਾਂ ਦੀ [illegible] ਦਾ

[illegible] ਸਿਖ [illegible] ਵਿਚਿਆਂ ਗੀ (ਹੈ) ॥

(੪) ਅੰਗ੍ਰੇਜ਼ ਜੋ ਦੇਸ਼ ਦੇਸ਼ਾਂਤ੍ਰਾਂ [illegible] ਹੈਂ ਇਸ ਪੇਸ਼ੇ ਦੀ ਐਨੀ ਕਦਰ ਕਰਦੇ ਹਨ ਕਿ ਸ੍ਰੀ ਸ਼ਹਿਨਸ਼ਾਹ ਐਡਵਰਡ ਸਪਤਮ ਨੇ ਇਕ ਵੇਰ ਆਪਣੇ ਇਕ ਕਮਰੇ ਦੇ ਬੂਹੇ ਦੀ [illegible] ਉਨ੍ਹਾਂ ਪਾਸੋਂ ਬੂਟ ਦੀ ਠੋਕਰ (ਲਗ ਗਈ) ਲਗੀ ਸੀ ਆਪ ਆਪਣੇ ਪਵਿਤ੍ਰ ਹਥੀਂ [illegible] ਲਗ ਗਏ ਸਨ।

(੫) ਅਜ ਅੰਗ੍ਰੇਜ਼ਾਂ ਜਾਂ ਜਾਪਾਨੀਆਂ ਅੰਦਰ ਜਿਤਨੀ ਆਲਾ ਦਰਜੇ ਦੀ ਤਰੱਕੀ (?) ਦੇਖੀ ਜਾਂਦੀ ਹੈ ਉਹ ਸਾਰੀ ਸਿਖਿਆ [illegible] ਬਦੌਲਤ ਹੈ ॥

(੬) ਜਦ ਸਾਰੇ ਮੁਲਕ ਵਿਚ [illegible] ਸਿਖਿਆ ਦੀ ਕਦਰ ਸੀ ਤਾਂ ਹਿੰਦ ਦੇਸ਼ ਦੀ ਕਾਰੀਗਰੀ ਵਿਚ ਅਪਣਾ ਸਾਨੀ ਨਹੀਂ ਰਖਦੀ ਸੀ ਤੇ ਇਸ ਦਾ ਕਾਰੀਗਰ ਸਭ ਤੋਂ ਵਧੀਆ [illegible] ਵਿਦਿਆ ਦੇ [illegible] ਹੀ ਉਹ [illegible] ਕੀਤਾ ॥

(੭) ਨਿਆਂਕਾਰੀ ਸਰਕਾਰ ਦੇ ਰਾਜ ਵਿਚ ਜਿਤਨੀ ਇਸ ਕੰਮ ਦੇ ਕਰਨ ਵਾਲਿਆਂ ਦੀ ਕਦਰ ਹੈ ਹੋਰ ਕਿਸੇ ਦੀ ਨਹੀਂ।

(੮) ਜਿਸ ਦੇਸ ਵਿਚ ਸਿਲਪ ਵਿਦਿਆ ਦੀ ਕਦਰ ਹੁੰਦੀ ਹੈ, ਉਹੀ ਦੇਸ ਤਜਾਰਤ (ਬਿਓਪਾਰ) ਵਿਚ ਸਭਨਾਂ ਦੇਸਾਂ ਤੋਂ ਵਧੀਆ ਹੁੰਦਾ ਹੈ। ਇਹ ਕਹਿਣਾ ਕੋਈ ਗੱਪ ਨਹੀਂ ਹੋਵੇਗਾ ਕਿ ਸਿਲਪ ਵਿਦਿਆ ਤਜਾਰਤ ਦੀ ਜੜ੍ਹ ਹੈ॥

(੯) ਭਾਵੇਂ ਵਿਲਾਇਤ ਦੀ ਕਾਰੀਗਰੀ ਇਸ ਦੇਸ ਵਿਚ ਪ੍ਰਸਿੱਧ ਹੈ। ਪਰ ਸਾਡੇ ਹਿੰਦੁਸਤਾਨ ਦੇਸ ਨੂੰ ਅਪਣੇ ਕਾਰੀਗਰਾਂ ਪਰ ਅਜੇ ਬੀ ਫਖਰ ਹੈ ਕਿਉਂਕਿ ਵਲਾਇਤ ਦੇ ਵਧੀਆ ਤੋਂ ਵਧੀਆ ਕਾਰੀਗਰਾਂ ਦੇ ਮੁਕਾਬਲੇ ਸ੍ਰੀ ਸ੍ਰਦਾਰ ਬਹਾਦਰ ਭਾਈ ਰਾਮ ਸਿੰਘ ਜੀ (ਜੋ ਮਯੋ ਆਰਟ ਸਕੂਲ ਲਾਹੌਰ ਦੇ ਪ੍ਰਿੰਸੀਪਲ ਹਨ) ਨੂੰ ਇਕ ਵੇਰੀ ਸ੍ਰੀ ਸ਼ਾਹਨਸ਼ਾਹ ਐਡਵਰਡ ਸਤਵੇਂ ਨੇ ਅਪਣੇ ਸ਼ਾਹੀ ਮਹਿਲਾਂ ਦੀ

ਸਜਾਵਟ ਲਈ ਵ[illegible] ਸਦਿਆ, ਅਜਿਹੀ
[illegible]ਤ [illegible] 'ਕ[illegible]' [illegible]ਤਾਨ
[illegible] ਰੰਗਿਗਾਰਾਂ [illegible] [illegible]
[illegible] [illegible] [illegible]ਸਦੇ ਹਨ" [illegible]
[illegible]ਗਾਮ [illegible]
ਨਾਲ (੧੦) [illegible] ੧੧ ਦੇ [illegible]
[illegible] ਮਹਾਰਾਜਾ [illegible] ਨੇ [illegible]
[illegible] (ਲੋਆ ਧਨੁਸ ਦੀ ਲ[illegible]
[illegible] ਹੋਇਆ ਸੀ) [illegible]
[illegible] ਕੀਤਾ ਜੋ ਸ੍ਰੀ ਜੀ [illegible]
[illegible] ਕਾਰੀਗਰੀ ਦੇ ਜੌਹਰ ਦੇਖਕੇ [illegible]
[illegible] ਸਹਿਤ ਸ੍ਵੀਕਾਰ ਕੀਤਾ [illegible]
ਨੂੰ ਲੈ ਗਏ। ਇਨ੍ਹਾਂ ਬਾਤਾਂ ਤੇ ਧਿਆਨ ਦੇਕੇ
[illegible] ਕਹਿ ਸਕਦਾ ਹੈ ਕਿ ਇਹ ਪੇਸ਼ਾ [illegible]
[illegible] ਕਿਆ ਅਛਾ ਹੁੰਦਾ ਜੋ ਸਾਡੇ ਕਾਰੀਗਰ
[illegible] ਪਾਸੇ ਵਲ ਬਹੁਤ ਧਿਆਨ ਦਿੰਦੇ।

ਟਿਕੀਆਂ (ਮਾਤ੍ਹੀਸ [illegible] ਉਪਰ ਫੌਜਦਾਰ
ਨਾਇਬ [illegible] ਪਾਠਕ ਜੀ ! [illegible]
[illegible] ਉੱਤਮ [illegible]
[illegible] ਹੋਇਆ ਹੈ ਕਿ [illegible]
ਬਹੁਤ ਹੀ ਉੱਤਮ ਹੈ ਪਰ ਫੇਰ ਮਨ [illegible]
[illegible] ਹੋਂਦਾ ਹੈ ਕਿ ਗੁਰੂ ਸਾਹਿਬਾਨ
ਨੇ ਜਿਨ੍ਹਾਂ ਨੂੰ ਸੂਰਬੀਰ ਸਰਦਾਰ ਬਣਾਇਆ,
ਤੇ ਸਿੱਖ ਦੇਸ਼ ਦਾ ਮਾਲਕ ਬਣਾਇਆ
ਫੇਰ ਕਿਸ ਤਰ੍ਹਾਂ ਇਨ੍ਹਾਂ ਦਾ ਅਜਿਹਾ ਉੱਤਮ ਦਰਜਾ [illegible]
ਕਾਰਨ ਕੀ ਹੈ ਕਿ ਇਹ (ਰਾਮਗੜ੍ਹੀਆ) ਕੌਮ
ਕਿਹੋ ਜਿਹੀ ਬੁਰੀ ਦਸ਼ਾ ਨੂੰ ਪ੍ਰਾਪਤ ਹੋਈ ਹੋਈ [illegible]
[illegible]ਬਾਣੀ ਦੇਖਣ ਵਿਚ ਆਉਂਦੀ ਹੈ?
ਤੇ ਇਨ੍ਹਾਂ ਨੂੰ ਕੰਮੀਆਂ ਵਿਚ ਗਿਣਿਆ ਜਾਂਦਾ
ਹੈ ? ਕਿਆ ਇਸ ਕੌਮ ਦੇ ਸੁਧਾਰ ਦਾ ਭੀ ਕੋਈ
[illegible] ਹੈ? ਪਾਠਕ ਜੀ ! ਇਸ ਕਸਰ ਦਾ
[illegible] ਕਠਨ ਨਹੀਂ ਜੇ ਕੁਝ ਵਿਚਾਰ
ਤੋਂ ਕੰਮ ਲਈਏ ਤਾਂ ਆਪੇ ਲਭ ਪੈਂਦਾ ਹੈ ਤੇ
ਇਸਦਾ ਇਲਾਜ ਭੀ ਸੌਖਾ ਹੈ ਨਹੀਂ ਤਾਂ

[illegible] ਦੇ ਪ੍ਰਭਾਵ ਨੂੰ ਕਿਸੇ ਕੌਮ ਦੇ [illegible]
[illegible] ਤੋਂ [illegible] [illegible] [illegible]
[illegible] ਜਿਨ੍ਹਾਂ ਦੀ [illegible]
[illegible] ਦਿਨਾਂ ਵਿਚ [illegible]
[illegible] ਹੋ ਜਾਂਦੀ ਹੈ [illegible]
[illegible] ਵੇਲੇ ਜਦ ਖਾਲਸਾ ਪੰਥ [illegible]
[illegible] ਸੂਤੇ:— [illegible] ਮਾਰੀ
[illegible] (ੳ) ਇਹ ਕੌਮ ਸਿਖੀ ਤੋਂ ਫਿਰ, [illegible]
[illegible] ਗੁਰੂ ਸਾਹਿਬ ਨੇ [ੳ] [illegible]
ਅਕਾਲ ਪੁਰਖ ਦੀ ਭਗਤੀ ਕਰਨੀ [illegible]
[illegible] ਉਸ ਉਤੇ ਅਮਲ ਨਾ ਕੀਤਾ [illegible] ਉਸਨੂੰ
[illegible] ਹੋਰ ਦੇਵੀ ਦੇਵਤੇ ਫੇਰ [illegible] ਕੀਤੇ।
[illegible] (ਅ) ਗੁਰੂ ਸਾਹਿਬ ਨੇ ਅੰਮ੍ਰਿਤ [illegible]
[illegible] ਸਿੰਘ, ਪਰ ਇਨ੍ਹਾਂ ਗੁਰੂ ਸਾਹਿਬ ਦੇ
ਉਪਦੇਸ਼ ਨੂੰ ਭੁਲਾ ਦਿਤਾ ਹੈ ਸਭ [illegible]
[illegible] ਦ੍ਰਿਸ਼ਟਾਂਤ ਇਨ੍ਹਾਂ [illegible]
[illegible] ਸੰਬੰਧ ਇਸ ਤਰਾਂ [illegible]
[illegible] ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ

[illegible] ਉਸ ਨੂੰ ਸ਼ੇਰ ਦੀ ਭੁਲ [illegible]
[illegible] ਦਿਤ ਸਾਰੇ [illegible]
[illegible] ਉਸ ਨੂੰ ਸ਼ੇਰ ਸਮਝਕੇ ਡਰਨੇ [illegible]
[illegible] ਉਸ ਦੇ ਪਾਸ ਨ ਜਾਵੇ ਔਰ [illegible]
[illegible] ਦੇ ਦੁਖ ਤੋਂ ਛੁਟਕਾਰਾ ਪਕੇ [illegible]
[illegible] ਖੇਤੀਆਂ ਖਾਕੇ ਮੋਟਾ ਤਾਜਾ ਹੋ
ਗਿਆ ਔਰ ਅਨੰਦ ਵਿਚ ਦਿਨ ਬਿਤਾਉਣ
ਲੱਗਾ, ਪਰ ਇਕ ਦਿਨ ਅਪਣੇ ਸਾਥੀ ਗਧਿਆਂ
ਦੀ ਹਿੰਗਣੀ ਸੁਨਕੇ ਕੁੰਭਿਆਰ ਦੇ ਘਰ ਨੂੰ
ਦੌੜ ਭਜਿਆ ਔਰ ਖੁਰਲੀ ਪਰ ਜਾ ਖੜਾ
ਹੋਯਾ, ਕੁੰਭਿਆਰ ਨੇ ਉਸਨੂੰ ਗਧਾ ਪਹਿਚਾਨਕੇ
ਸ਼ੇਰ ਦੀ ਖਲ ਉਤੋਂ ਉਤਾਰ ਦਿੱਤੀ ਔਰ ਕੁਟ
ਕੁਟਕੇ ਸੋਟੇ ਨਾਲ ਅਗੇ ਕਰ ਲਿਆ। ਇਸ
ਦ੍ਰਿਸ਼ਟਾਂਤ ਤੋਂ ਕਲਗੀਧਰ ਮਹਾਰਾਜ ਜੀ ਨੇ
ਅਪਣੇ ਪਿਆਰੇ ਸਿੱਖਾਂ ਨੂੰ ਉਪਦੇਸ਼ ਦਿਤਾ ਕਿ
ਸਾਡੇ ਪੁੱਤਰੋ! ਮੈਂ ਤੁਹਾਨੂੰ ਇਸ ਗਧੇ ਦੀ ਤਰਾਂ
ਕੇਵਲ ਦਿਨੂ ਮਾਤ੍ਰ ਸ਼ੇਰ ਨਹੀਂ ਬਨਾਇਆ
ਸਗੋਂ ਸਿਖ ਰੂਪ ਧਾਰੀ ਸਰਬ ਗੁਣ ਭਰਪੂਰ

ਜ਼ਾਤ ਪਾਤ ਦੇ ਬੰਧਨਾ ਤੋਂ ਮੁਕਤ ਅਪਣੀ ਸੰਤਾਨ ਬਨਾਕੇ ਸਾਹਿਬ ਹੌਰ ਦੀ ਰੋਟੀ [illegible] ਹੈ ਹੁਣ ਤੁਸੀਂ ਅਗਜ਼ਾਨ ਦੇ ਵਸ ਹੋਕੇ ਇਸ ਗਧੇ ਦੀ ਤਰਾਂ ਪੁਰਾਣੀ ਜਾਤ ਪਾਤ ਵਿਚ ਮੁੜ ਜਾ ਵੜਨਾ ਜੇ ਮੇਰੇ ਉਪਦੇਸ਼ ਨੂੰ ਭੁਲਾਕੇ ਪਵਿਤ੍ਰ ਖਾਲਸਾ ਧਰਮ ਤਿਆਗਕੇ ਉਨ੍ਹਾਂ ਜਾਤੀ ਵਿਚ ਹੀ ਜਾ ਵੜੋਗੇ ਜਿਨ੍ਹਾਂ ਤੋਂ ਮੈਂ ਤੁਹਾਨੂੰ ਕਢਿਆ ਹੈ ਤਾਂ ਇਸ ਗਧੇ ਜਿਹੀ ਦਸ਼ਾ ਹੋਊ ਔਰ ਤੁਹਾਡੀ ਧਰਮ ਨੇਸ਼ਟਾ ਅਤੇ ਸੂਰਬੀਰਤਾ ਸਭ ਜਾਂਦੀ ਰਹੂ । [illegible]

ਜੈਸੇ ਕਿ ਇਕ ਇਤਹਾਸਕਾਰ ਲਿਖਦਾ ਹੈ:— [illegible]

ਤੁਮ ਸਤਗੁਰ ਸਬ ਹੂੰਸ ਸੁਨਾਯੋ,
ਇਹ ਦ੍ਰਿਸ਼ਟਾਂਤ ਤੁਮੈ ਦਿਖਰਾਯੋ ।
ਜਾਤਿ ਪਾਤਿ ਮਾਹਿ *ਰਾਸਭੁ ਜੈਸੇ, [illegible]
[illegible] †ਕੁਲਾਲ [illegible]
[illegible] ਸਤਿਗੁਰ ਲਏ ਨਿਕਾਰ [illegible]

---

*ਗਧਾ । †ਘੁਮਿਆਰ ।

ਤ੍ਰਿਪਮ ਕਥਸੇ ਸਗਲ ਧਦਓਚਥ ਪਾਸਾਦ
ਸ੍ਰੀ ਅਸਿਧੁਜ ਕੋ ਏਕਰ ਬਾਨਾ, ਨ ਦਸੈ
ਸਭ ਤੇ ਉਚੋ ਕਰੇ ਸੁ ਭਾਕਾਸੁ
ਪੁਨ ਕੂਲਾਲ ਕੇ ਪ੍ਰਵਿਸਯੋ ਜਾਇ,
ਲਾਇ ਗੁੰਟ ਕੋ *ਲਸਟ ਲਗਾਈ।
ਭਿਸ ਹੈ ਸਿੰਘ ਜਾਂਤਿ ਮਹਿ ਪਰੈ,
ਤਜੈ ਸ਼ਸਤ੍ਰ ਭਯ ਕੋਇ ਨ ਕਰੈ
ਉਸੈ ਸ਼ਸਤ੍ਰ ਭੈ ਕਰੈ ਨ ਕੋਈ,
ਭਯੋ ਸਧੇ ਕੋ ਗਾਥਾ ਸੋਈ।
ਧਾਂਤ ਸ੍ਰੀ ਅਕਾਲ ਕੇ ਬਾਟਾ,
'ਫਲੀ ਦੇ ਮੈਂ ਕੀਨੇ ਸਿੰਘ ਸੁਜਾਨਾ।
ਇਸਕੇ ਧਰੇ ਸਦਾ ਸੁਖ ਹੋਈ,
ਤਿਆਗੈ ਏਨੋਂ ਲੋਕ ਨ ਕੋਈ॥

। ਪਿਆਰੇ ਪਾਠਕ ਜੀ ! ਕਿਆ ਇਹ ਕੌਮ ਇਕ ਅਕਾਲ ਪੁਰਖ ਤੋਂ ਵਿਮੁਖ ਹੋ ਕੇ ... ਹੀ ? ... । ... ਕਿਆ ਇਹ ... ' ... ਵਿਰੁੱਧ ...

*ਕਮਰਕੱਸੀ।

ਤੋਂ [illegible] ਕਰੀ' [illegible] ਜੀ [illegible]
[illegible]! [illegible]
[illegible] ਸਕਦੇ [illegible]
[illegible] ਆਦਿ [illegible]
[illegible] ਤਾਂ ਉਸਨੂੰ ਅੰਮ੍ਰਿਤ
ਛਕਾ ਕੇ ਸਿੱਖੀ ਦੀ [illegible] ਸਕਦੇ, [illegible]
ਤੋਂ [illegible] ਜੇ ਕੋਈ ਭਰਾ ਦੂਜੀ ਜਾਤੀ ਦੀ
ਇਸਤ੍ਰੀ ਨਾਲ ਅਨੰਦ ਕਰ ਬੀ ਲਵੇ ਤਾਂ
ਉਸ ਭਰਾ ਉਸਨੂੰ ਬ੍ਰਾਦਰੀ ਤੋਂ ਕੱਢ ਹੀ ਨਹੀਂ
ਦੇਂਦੇ ਸਗੋਂ ਉਹ ਬੀ [illegible] ਕਰ ਦੇਂਦੇ ਹਨ।

ਜੇ ਕੋਈ ਦੂਜੀ ਜਾਤੀ ਦਾ ਆਦਮੀ ਇਨ੍ਹਾਂ
ਦੀ ਧੀ [illegible] ਨੂੰਹ ਕੱਢ ਲੈ ਜਾਵੇ ਤਾਂ ਬੀ ਦੁੱਖ
ਪ੍ਰਤੀਤ ਨਹੀਂ ਕਰਦੇ, ਜੇ ਕਿਸੇ ਦੁਖ ਪ੍ਰਤੀਤ
ਬੀ ਕੀਤਾ ਤਾਂ ਉਸਨੇ ਬ੍ਰਾਦਰੀ ਦੇ ਦਸ ਵੀਹ
ਆਦਮੀ ਕੱਠੇ ਕੀਤੇ ਤੇ ਉਸ ਪੁਰਸ਼ ਦਾ ਜਿਸਨੇ
ਉਸਨੂੰ ਕਢਿਆ ਹੋਵੇ [illegible]
[illegible]
[illegible]

ਕਲਜੁਗ ਜਿਉਂ ਜਿਉਂ ਵਿਚ ਵੇਹਲੇ 'ਸਿੰਘ ਸਭੀਆਂ'
ਕੜਿਆਂ ਸਿੰਘਾਂ ਵਿਚ ਇਸ ਬੰਨੀ 'ਦੇ' ਕਾਰਨ
ਤੇ ਸਕੂਲ ਖੋਲ੍ਹੇ ਗਏ ਹੈਂ ਜਿਥੇ ਹਰ ਜਾਤੀ ਦੇ
ਬਾਲ ਇੱਕਠਾ ਸਿਖਦੇ ਹੈਂ ਜਦ ਉਹ ਉਥੋਂ ਕੰਮ
ਸਿਖਕੇ ਤੇ ਪੜ੍ਹਕੇ ਆਂਵਣਗੇ ਤਾਂ ਇਨ੍ਹਾਂ ਦੇ ਕੰਮੋਂ
ਬੰਦ ਕਰਨ ਦਾ ਕੀ ਡਰ ਹੋਇਆ ?

ਗੱਲ ਸਾਰੀ ਇਹੋ ਤਾਂ ਇਹ ਮੰਨ ਲਿਆ
ਕਿ ਸਾਡੀ ਧੀ ਭੈਣ ਨੂੰ ਤਾਂ ਕੋਈ ਲੈ ਜਾਵੇ ਪਰ
ਸਾਡੇ ਵਿਚ ਜੇ ਕੋਈ ਦੂਜੀ ਜਾਤੀ ਦੀ ਆ ਜਾਵੇ
ਤਾਂ ਉਹ ਲਿਆਵਨ ਵਾਲਾ ਭੀ ਬ੍ਰਾਦਰੀ ਵਿਚੋਂ
ਕਢਿਆ ਜਾਵੇ । ਜਿਸ ਕੌਮ ਵਿਚ ਇਤਨਾ
ਘਾਟਾ ਹੋਵੇ ਉਹ ਕਦ ਤਕ ਦੁਨੀਆਂ ਪਰ
ਜੀਉਂਦੀ ਰਹੇਗੀ ? ਕਿਹਾ ਇਹ ਘਾਟਾ ਸਿਖੀ
ਤੋਂ ਬੇਮੁਖ ਹੋਣੇ ਕਰਕੇ ਨਹੀਂ ਪੈ ਰਿਹਾ ?

ਫੇਰ ਤਾਂ ਇਨ੍ਹਾਂ ਦੀ ਕਰਨੀ ਭੀ ਇਨ੍ਹਾਂ
ਆਪਣੀ ਅਵਿਦਿਆ ਦੇ ਕਾਰਨ ਆਪਣੀ
ਭੁਲਾਂ (ਗਲਤੀਆਂ) ਨੂੰ ਸਿਆਣਾ ਸਮਝਿਆਂ ਹੋ
ਹੋਸ਼ ਤੇ ਆਕੇ ਗੁਰਦੁਆਰਿਆਂ ਵਿਚੋਂ [illegible]

ਨੂੰ ਖੁਸ਼ਾਮਦ [illegible] ਤੇ [illegible]
[illegible] ਰਹੇ ਹੈ ਕਿ ਕੌਮ ਵਿਚ ਬੁਰਾਈਆਂ [illegible]
ਰਹੀਆਂ ਹਨ। ਰਹਿਕੇ ਗੁਰੂ ਸਾਹਿਬ ਦੇ ਅਸੂਲਾਂ
ਪਰ ਚਲਦੇ ਹੋਏ ਇਨ੍ਹਾਂ ਗੱਲਾਂ [illegible] [illegible]
ਦੇਣਾ ਲੋੜ ਹੈ ਅਜਿਹਾ ਕਰਨੇ ਨਾਲ ਕੌਮ ਦੀ
ਉੱਨਤੀ ਦਿਨਾਂ ਵਿਚ ਦਿੱਸਨ ਲਗ ਜਾਵੇਗੀ।

(੨) ਵਿਦਯਾ (ਧਾਰਮਕ ਤੇ ਵਿਵਹਾਰਕ)
ਤੋਂ ਨਫਰਤ, ਜਿਸਦਾ ਨਤੀਜਾ ਇਹ ਹੋਯਾ ਜੋ
ਨਾ ਕੇਵਲ ਅਪਣਾਂ ਐਸ਼ਵਰਯ ਹੀ ਖੋਇਆ
ਸਗੋਂ ਅਪਣੀ ਇੱਜ਼ਤ ਬੀ ਗਵਾ ਬੈਠੇ।(ਕਮੀਨ
ਕਹੇ ਜਾਨੇ ਲਗੇ) ਇਕ ਇਤਿਹਾਸਕਾਰ ਨੇ
ਲਿਖਿਆ ਹੈ "ਕਿ ਜਦ ਪੰਜਾਬ ਵਿਚ ਸਿੱਖਾਂ ਦਾ
ਰਾਜ ਪਰਤਾਪ ਹੋਇਆ ਉਸ ਵੇਲੇ ਅਨ੍ਯ
ਮਤੀਆਂ ਨੇ ਸਿੱਖਾਂ ਨੂੰ ਦੂਰ ਰਖਣ ਵਾਸਤੇ ਔਰ
ਸਾਰੇ ਕੰਮ ਸਰਿਸ਼ਤਾ ਅਪਣੇ ਹਥ ਰਖਣ ਲਈ
ਸਮਝਾਇਆ ਕਿ ਪੜ੍ਹਨਾ ਤਾਂ ਮੁਨਸ਼ੀ ਮਜ਼ਦੂਰਾਂ
ਦਾ ਕੰਮ ਹੈ, ਆਪਦਾ ਕੰਮ ਸਾਡੇ ਪਰ ਹਕੂਮਤ
ਕਰਨਾ ਹੈ। [illegible] ਆਪਣੇ [illegible] [illegible]

[illegible] ਨੂੰ [illegible] ਹੋਣਾ। [illegible] ਕਿ [illegible]
ਉਸ ਦੀ ਤਾਮੀਲ ਕਰਨੇ ਨੂੰ ਹਰ ਵੇਲੇ ਤਿਆਰ
ਹੁੰਦੇ। ਇਸ ਉਪਦੇਸ਼ ਦਾ ਅਸਰ ਪੰਜਾਬ ਵਿਚ
(ਸਿੱਖਾਂ ਸਰਦਾਰਾਂ ਪਰ ਖਾਸ ਕਰਕੇ ਰਾਜੇ
ਗੱਦੀਆਂ ਸਰਦਾਰਾਂ ਤੇ) ਅਜਿਹਾ ਪਿਆ ਕਿ
ਸਿੱਖ ਸਰਦਾਰਾਂ ਦੇ ਏਏ ਸਭ ਨਿਰੇਖਰ ਰਹਿ
ਗਏ ਔਰ ਰਾਜ ਦਾ ਪ੍ਰਬੰਧ ਉਨ੍ਹਾਂ ਦੇ ਹਥੋਂ
ਚਲਾ ਗਿਆ ਜੋ ਸਿੱਖਾਂ ਨੂੰ ਪੰਜਾਬ ਵਿਚ ਦੇਖਣਾ
ਨਹੀਂ ਚਾਹੁੰਦੇ ਸੇ ਔਰ ਇਨ੍ਹਾਂ ਚਾਲਾਕ ਆਦ-
ਮੀਆਂ ਨੇ ਕੇਵਲ ਨੀਤੀ ਪ੍ਰਬੰਧ ਹੀ ਅਪਣੇ
ਹਥ ਨਹੀਂ ਲਿਆ ਸਗੋਂ ਸਿੱਖਾਂ ਦੇ ਧਾਰਮਕ
ਨਿਯਮਾਂ ਵਿਚ ਅਜੇਹੀ ਗੜਬੜ ਕੀਤੀ ਕਿ
ਸਿੱਖਾਂ ਨੂੰ ਫੇਰ ਉਨ੍ਹਾਂ ਹੀ ਜਾਤ ਪਾਤ ਦੇ ਬੰਧਨਾਂ
ਵਿਚ ਪਾਕੇ ਉਸੇ ਦਰਜੇ ਤੇ ਜਾ ਖੜਾ ਕੀਤਾ
ਜਿਥੋਂ ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਕਢਿਆ ਸੀ
ਪਰ ਜੇ ਕੌਮ ਵਿਦਯਾ ਪ੍ਰਾਪਤੀ ਵਲ ਧਿਆਨ
ਕਰੇ ਤਾਂ ਥੋੜੇ ਚਿਰ ਵਿਚ ਹੀ ਹਾਲਤ ਬਦਲ
ਸਕਦੀ ਹੈ [illegible] ਇਸ ਖ਼ਰਾਬੀਆਂ ਕਰਕੇ [illegible]

ਰੂਪ (ਉਹ ਜਿਹੜੇ ਸਿਰਮਾਏ ਨਾਲ [illegible] ਲੂਨ
[illegible] ਕਿਸੀ ਦਿ) ਲਿਰੰਧਨਾ ਕੀਤੇ ਗਏ ਤਾਲੀਮ
[illegible] ਲਾਇਕ ਬਨ ਸਕਨ। ਇੰਜੀਨੀਅਰਿੰਗ ਦੀ
ਆਲਾ ਤਾਲੀਮ ਵਲ ਧਿਆਨ ਦਿਤਾ ਜਾਵੇ,
ਤੇ ਉਸਦੇ ਪਾਲਣ ਦਾ ਪ੍ਰਬੰਧ ਕੀਤਾ ਜਾਵੇ
ਉਚ ਵਿਦਿਆ ਦੀ ਪ੍ਰਾਪਤੀ ਲਈ ਸਾਡੇ
ਮਜ਼੍ਹਬੀ (ਖਾਲਸਾ ਹਾਈ ਸਕੂਲ ਤੇ ਖਾਲਸਾ
ਕਾਲਜ) ਖੁਲ੍ਹੇ ਹੋਏ ਹਨ ਉਨ੍ਹਾਂ ਤੋਂ ਲਾਭ
ਉਠਾਇਆ ਜਾਵੇ।

(ਅ) ਵੱਡੇ ਵਡੇ ਸ਼ਹਿਰਾਂ ਵਿਚ ਜਾਂ ਜਿਥੇ
ਜਿਥੇ ਵਰਕਸ਼ਾਪ (ਕਾਰਖਾਨੇ) ਹਨ ਉਥੇ
ਰਾਤ ਦੇ ਸਕੂਲ ਖੋਲ੍ਹੇ ਜਾਨ ਜਿਨ੍ਹਾਂ ਵਿਚ ਕੌਮ
ਦੇ ਨੌਜਵਾਨ ਬੱਚੇ ਦਿਨ ਭਰ ਕੰਮ ਕਰਕੇ ਰਾਤ
ਨੂੰ ਵਿਦਿਆ ਹਾਸਲ ਕਰ ਸਕਨ, ਜਿਥੇ
ਨਕਸ਼ਾ, ਮਾਮਲੀ ਹਿਸਾਬ, ਅੰਗ੍ਰੇਜ਼ੀ,
ਗੁਰਮੁਖੀ ਪੜ੍ਹਾਈ ਜਾਵੇ।

(ੲ) ਲੜਕੀਆਂ ਦੀ ਭੀ ਤਾਲੀਮ ਦਾ
ਜ਼ਰੂਰ ਖਿਆਲ ਰਖਿਆ ਜਾਵੇ [illegible] (ਰੋ)

(ਵਿ) [illegible]) ਗੁਰੂ ਮਹਾਰਾਜ ਦੇ ਉਪਦੇਸ਼ ਬਾਣੀ (ਰੋਗਿ ਮਿਲਹੁ ਮੇਰੇ ਭਾਈ, ਦੁਬਿਧਾ ਦੂਰ ਕਰਹੁ ਲਿਵ ਲਾਇ) ਨੂੰ ਭੁਲਾ ਕੇ ਇਸ ਦੇ ਉਲਟ ਕੰਮ ਕਰਨ ਲਗ ਪਏ ਯਾਨੇ ਸਭ ਤੋਂ ਜਿਹੜੇ ਆਦਮੀ ਤਾਂ ਬਿਰਤਕਾਰਕ ਕੰਮਾਂ ਵਿਚ ਤਰੱਕੀ ਕਰ ਗਏ ਉਨ੍ਹਾਂ ਛੋਟਿਆਂ ਨੂੰ ਮੂੰਹ ਲਾਉਣਾ ਛਡ ਦਿਤਾ ਤੇ ਜਿਹੜੇ ਅਪਣੇ ਪ੍ਰਾਕਰਮ ਨੂੰ ਛਡਕੇ ਗਰੀਬ ਰਹਿ ਗਏ ਉਨ੍ਹਾਂ (ਅਮੀਰਾਂ ਵਲੋਂ ਬੇ ਪ੍ਰਵਾਹੀ ਦੇਖਕੇ) ਵਡਿਆਂ ਦਾ ਮਾਨ ਕਰਨਾ ਛਡ ਦਿੱਤਾ ਇਹ ਕਹਿਕੇ "ਕਿ ਜੇ ਉਹ ਵੱਡਾ ਹੈ ਤਾਂ ਅਪਣੇ ਘਰ ਦਾ ਹੈ" ਇਕ ਦੂਜੇ ਥੋਂ ਨਫਰਤ ਕਰਨ ਲਗ ਪਏ। ਜਦ ਤਕ ਗੁਰੂ ਮਹਾਰਾਜ ਦੇ ਉਪਦੇਸ਼ ਨੂੰ ਦਿਲਾਂ ਵਿਚ ਵਸਾਕੇ ਉਸ ਤੇ ਨਹੀਂ ਤੁਰਨਗੇ ਤਦ ਤਕ ਸੁਧਾਰ ਨਾਮੁਮਕਿਨ ਹੈ ਇਸ ਲਈ ਕੌਮ ਨੂੰ ਇਸ ਪਾਸੇ ਖ਼ਾਸ ਤਵਾਂ ਖਿਆਲ ਰੱਖਣਾ ਚਾਹੀਦਾ ਹੈ।

(ਓ) ਰੋਜ਼ [illegible]

(ਅ) ਸਿਪਾਹੀਆਂ ਦੀ ਗਿਣਤੀ ਅਨੁਸਾਰ ਆਪਣੇ ਛੋਟੇ ਛੋਟੇ ਜਥੇ ਬਨਾਉਣ ਜਿਨ੍ਹਾਂ ਕਰਕੇ ਇਨ੍ਹਾਂ ਨੂੰ ਸੰਮਿਲਤ ਹੋਣ ਦੀ ਜਾਚ ਆਵੇਗੀ ਇਨ੍ਹਾਂ ਜਥਿਆਂ ਦਾ ਮਹੀਨੇ ਵਿਚ ਘਟ ਤੋਂ ਘਟ ਇਕ ਵਾਰੀ ਜ਼ਰੂਰ ਜੋੜ ਮੇਲਾ ਹੋਵੇ ਜਿਸ ਵਿਚ ਸਾਰੇ ਛੋਟੇ ਵਡੇ ਆਵਨ ਤੇ ਉਥੇ ਆਪਣੇ ਮਹੀਨੇ ਜਾਂ ਪੰਦਰਵੇਂ ਦਿਨ ਇਕੱਠੇ ਆਪਣੇ ਦੁੱਖ ਸੁਖ ਦਸਕੇ ਉਨ੍ਹਾਂ ਨੂੰ ਦੂਰ ਕਰਨ ਜਾਂ ਦੂਰ ਕਰਨੇ ਦੇ ਸਾਧਨ ਸੋਚਨ।

(ੲ) ਵਡੇ ਛੋਟਿਆਂ ਦੇ ਸਿਰ ਤੇ ਹਥ ਰਖਨ ਅਰਥਾਤ ਔਖੇ ਵੇਲੇ ਉਨ੍ਹਾਂ ਦੀ ਹਰ ਤਰਾਂ ਧਨ ਮਨ ਕਰਕੇ ਸਹਾਇਤਾ ਕਰਨ ਜਿਸ ਕਰਕੇ ਛੋਟੇ ਆਪੇ ਹੀ ਉਨ੍ਹਾਂ ਦਾ ਮਾਨ ਕਰਨਗੇ ਤੇ ਆਪਣੇ ਸਿਰ ਤੇ ਵਡਿਆਂ ਦਾ ਹਥ ਵੇਖਕੇ [illegible] ਨਹੀਂ ਹੁਕਸਣਗੇ ॥

(ਸ) ਸੰਪੀਲੇ ਇਸ ਕੌਮ ਦੀ ਵਡੀ ਹਾਨੀ ਕੀਤੀ ਹੈ। ਪਿੰਡਾਂ ਥਾਵਾਂ ਵਿਚ ਜੋ ਇਸ ਕੌਮ ਦੇ [illegible] ਦਾ ਕੰਮ ਕਰਦੇ

[illegible] ਕਿਸੀ [illegible] ਦੇਸ਼ਆਨੀ [illegible] ਦਾਂ
ਕੀ [illegible] ਉਨ੍ਹਾਂ ਦੀ ਮੁਸ਼ਕਲਾਂ ਤੋਂ [illegible]
ਇਸ ਕੌਮ ਦਾ ਨਾਉਂ ਸੋਧੀ [illegible] ਹਿੰਦੂ ਨੂੰ ਤੀ
ਸੋਧੀ ਦੇ ਕੰਮ ਨੂੰ ਪਸੀਂ ਭੁਲਾ [illegible]
[illegible] ਉਸਦਾ ਮੌਜੂਦਾ [illegible] ਹੋਇਆ ਹੈ ਕਿ
ਉਸੇ ਤਰੀਕੇ ਤੇ ਢਾਂਚੇ ਤੋਂ, ਪਹਿਲਾਂ ਦੀ [illegible]
ਜ਼ਮਾਨੇ ਵਿਚ ਸੀ, ਜਾਂ ਜ਼ਮਾਨੇ ਦੇ ਨਾਲ ਨਾਲ
ਇਸ ਵਿਚ ਬੀ ਮੁਨਾਸਬ ਤਬਦੀਲੀ ਕਰਦੇ ਤਾਂ
ਚੰਗਾ ਹੁੰਦਾ ਪਰ ਅਸਾਂ ਅਜਿਹੀ ਬੰਦਸ਼ੀ ਕੀਤੀ
ਜਿਸ ਕਰਕੇ ਨ ਕੇਵਲ ਸੋਧੀ ਕਹਾਨੇ ਵਾਲੇ
ਸਗੋਂ ਸਾਰੀ ਕੌਮ ਮੁਕੰਮਲ ਦੀ ਕਸੀਰ ਬਣ
ਗਈ। ਕਿਸੇ ਫ਼ਾਰਸੀ ਵਿਦਵਾਨ ਦਾ ਕਥਨ ਹੈ:—

ਚੋਅਜ਼ ਕੌਮ ਯਕੇ ਬੇ ਦਾਨਸ਼ੀ ਕਰਦ,
ਨ ਕੇਹ ਰਾ [illegible] ਮਾਨਦ [illegible]

ਭਾਵ [illegible] ਹੈ ਕਿ ਜਦ ਕਿਸੇ ਕੌਮ
ਵਿਚੋਂ ਕਿਸੇ ਇਕ ਮਨੁੱਖ ਨੇ ਭੀ ਮਾੜਾ ਕੰਮ ਕੀਤਾ
ਉਸ ਦੀ ਵਿਚ [illegible] ਕੌਮ ਦੇ ਛੋਟੇ [illegible]
[illegible] ਦੀ [illegible]

ਇਤਹਾਸ ਸਾਨੂੰ ਦੱਸਦੇ ਹੈਂ "ਕਿ ਜਦ ਲੋਕਾਂ ਨੂੰ ਇਹ ਸਮਝ ਪਈ ਕਿ ਅਨਾਜ ਕਿਸ ਪਰਕਾਰ ਪੈਦਾ ਕੀਤਾ ਜਾਂਦਾ ਹੈ ਤਾਂ ਨਾਲ ਹੀ ਵਾਹੀ ਦੇ ਸੰਦਾਂ ਦੀ ਬੀ ਲੋੜ ਪਰਤੀਤ ਹੋਈ, ਉਸ ਵੇਲੇ ਉਨ੍ਹਾਂ ਹੀ ਲੋਕਾਂ ਵਿਚੋਂ ਕੁਝ ਆਦਮੀਆਂ ਨੇ ਵਾਹੀ ਦੇ ਸੰਦਾਂ ਦਾ ਬਨਾਨਾ ਤੇ ਉਨ੍ਹਾਂ ਦੀ ਮੁਰੱਮਤ ਕਰਨੇ ਦਾ ਕੰਮ ਆਪਣੇ ਜ਼ੁਮੇ ਲਿਆ ਤੇ ਇਸਦੇ ਬਦਲੇ ਵਾਹੀ ਕਰਨ ਵਾਲਿਆਂ ਪਾਸੋਂ ਪੈਦਾਵਾਰ ਦਾ ਇਕ ਖਾਸ ਹਿੱਸਾ ਠਹਿਰਾ ਲਿਆ ਜਿਸ ਕਰਕੇ ਇਹ ਕੰਮ ਆਸਾਨੀ ਨਾਲ ਚੱਲ ਪਿਆ"। ਇਨਫਿਨਿਸਟਨ ਸਾਹਿਬ ਆਪਣੀ ਬਨਾਈ ਹੋਈ ਤਾਰੀਖ ਹਿੰਦੁਸਤਾਨ ਦੇ ਸਫਾ...ਪਰ ਲਿਖਦੇ ਹਨ ਕਿ "ਪਟਵਾਰੀ ਨੰਬਰਦਾਰ ਤੇ ਕਾਰੀਗਰ ਲੋਕ ਖੇਤੀ ਕਰਨ ਵਾਲਿਆਂ ਪਾਸੋਂ ਪੈਦਾਵਾਰ ਦਾ ਇਕ ਖਾਸ ਹਿੱਸਾ ਲੈਂਦੇ ਸਨ, ਇਨ੍ਹਾਂ ਦੇ ਕੰਮ ਇਹ ਹੁੰਦੇ ਸਨ: ਨੰਬਰਦਾਰ ਦਾ ਕੰਮ ਉਨ੍ਹਾਂ ਦੇ ਆਪੋ ਵਿਚੀ ਦੇ ਝਗੜਿਆਂ ਦਾ ਨਬੇੜਨਾਂ

ਹੁੰਦਾ ਸੀ, ਪਟਵਾਰੀ ਦਾ ਕੰਮ ਉਨ੍ਹਾਂ ਦੀ ਤੀ ਪੈਲੀਆਂ ਦਾ ਰੋਹ ਦੀਨਿਆਂ ਦੀ ਪੈਮਾਇਸ਼ ਨੂੰ ਕਰਨਾ ਤੇ ਕਾਰੀਗਰ ਦਾ ਕੰਮ ਉਨ੍ਹਾਂ ਦੇ ਵਾਹੀ ਦੇ ਔਜ਼ਾਰਾਂ ਦਾ ਬਨਾਨਾ ਤੇ ਸੁਰੰਮਤ ਕਰਨਾ ਸਾ। ਇਹ ਆਦਮੀ (ਨੰਬਰਦਾਰ, ਪਟ-ਵਾਰੀ, ਕਾਰੀਗਰ) ਵਾਹੀ ਕਰਨੇ ਵਾਲੇ ਅਪਨੇ ਵਿਚੋਂ ਹੀ ਲਾਇਕ ਸਮਝਕੇ ਚੁਨ ਲਿਆ ਕਰਦੇ ਸੇ।

ਪਾਠਕ ਜੀ ਆਪ ਨੂੰ ਪਤਾ ਲਗ ਗਿਆ ਹੋਣਾ ਹੈ ਕਿ ਪਹਿਲੇ ਸਮਿਆਂ ਵਿਚ ਸੇਪੀ ਕਰਨ ਵਾਲਿਆਂ ਦਾ ਕਿਆ ਚੰਗਾ ਦਸਤੂਰ ਸਾ ਪਰ ਅਜ ਵੇਖੋ ਤਾਂ ਕਿਸ ਭੈੜੀ ਦਸ਼ਾ ਨੂੰ ਪ੍ਰਾਪਤ ਹੋਇਆ ਹੋਇਆ ਹੈ ਕਿਆ ਪਟਵਾਰੀ ਜਾਂ ਨੰਬ-ਰਦਾਰ ਦੀ ਭੀ ਅਜ ਏਹੋ ਹਾਲਤ ਹੈ, ਜੋ ਇਨਾਂ ਦੀ ਸੀ? ਕਦੇ ਨਹੀ। ਪਟਵਾਰੀ ਤਨਖਾਹ ਲੈਂਦਾ ਹੈ ਤੇ ਕਈ ਪਿੰਡਾਂ ਤੇ ਹਕੂਮਤ ਕਰਦਾ ਹੈ ਨੰਬਰਦਾਰ ਪੰਜੋਤ੍ਰਾ ਲੈਂਦਾ ਹੈ ਤੇ ਸਾਰੇ ਪਿੰਡ ਦੀ ਨੇਕੀ ਬਦੀ ਦਾ ਜੁਮੇਵਾਰ ਹੈ।

ਪਾਠਕ ਜੀ ! ਭੁਲੇ ਦਿਨਾਂ ਦਾ ਹਾਲ ਬੀ ਕੁਝ ਨਹੀਂ ਗਿਆ ਜੇ ਓਹ ਭਰਾ ਜੋਹੜੇ ਪਿੰਡਾਂ ਵਿਚ ਵਸਦੇ ਹੈਨ ਦਾਸ ਦੀਆਂ ਹੇਠਲੀਆਂ ਬਾਤਾਂ ਮੰਨ ਲੈਣ ਤਾਂ ਥੋੜੇ ਦਿਨਾਂ ਦੇ ਅੰਦਰ ਹੀ ਇਨਾ ਦੀ ਓਹੀ ਹਾਲਤ ਹੋ ਜਾਵੇ ਜੇਹੜੀ ਚੰਗੀ ਹਾਲਤ ਪਹਿਲੇ ਸੀ। ਉਹ ਗਲਾਂ ਇਹ ਹਨ:—

(ੳ) ਹਲ ਪਿਛੇ ਅਨਾਜ ਦੀ ਇਕ ਖਾਸ ਮਿਕਦਾਰ (ਅੰਦਾਜਾ) ਮੁਕਰਰ ਕਰ ਲੈਣ ਉਸ ਤੇ ਘਟ ਕਦੇ ਨ ਲੈਣ, ਚਾਹੇ ਜਿਮੀਦਾਰ ਦੇ ਬਹੁਤਾ ਜੰਮੇ ਚਾਹੇ ਥੋੜਾ ਪੈਦਾ ਹੋਵੇ ਚਾਹੇ ਬਿਲ ਕੁਲ ਨ ਜੰਮੇ ਪਰ ਇਹ ਛੇ ਮਹੀਨੇ ਪਿਛੋਂ ਉਤਨਾਂ ਅਨਾਜ ਜਾਂ ਭਾਉ ਵਿਕਦ ਸਦਾ ਮੁਲ ਲੈ ਲੈਣ। ਇਸੇ ਪ੍ਰਕਾਰ ਹਰ ਇਕ ਜਿਨਸ ਦਾ ਪ੍ਰਧਾਨ ਕਰ ਲੈਣ। ਇਹ ਘਰ ਲੈਣ ਖਲਵਾੜੇ ਜਾਕੇ ਨ ਲਿਆਉਣਾ।

(ਅ) ਜਨਾਨੀਆਂ ਨੂੰ ਕਪਾਹ ਚੁਗਾਨ ਜਿਮੀਦਾਰ ਦੇ ਖੇਤ ਵਿਚ ਕਦੇ ਨਾ ਭੇਜਨ ਤੇ ਜੋ ਕਪਾਹ ਦਾ ਬਾਰਾਂ ਅੰਸੀਰ ਵਿਚ ਲਿਆ ਹੁੰਦਾ

ਹੈ ਤੇ ਜਨਾਨੀਆਂ ਆਪ ਚੁਗ ਕੇ ਲਿਆਉ-
ਦੀਆਂ ਹਨ ਉਹ ਘਰ ਪਰ ਕਪਾਹ ਲਈ
ਜਾਵੇ ਖੇਤ ਵਿਚ ਚੁਗਨ ਨਾ ਜਾਨ॥

(ੲ) (੧) ਕਿਸੇ ਤਿਥ ਤਿਯੋਹਾਰ ਨੂੰ
ਰੋਟੀ *ਜਿਮੀਦਾਰਾਂ ਪਾਸੋਂ ਨ ਲਿਆਉਣ ਤੇ
ਨ ਆਈ ਹੋਈ ਐਸੇ ਮੌਕੇ ਪਰ ਅਜਿਹੀ ਰੋਟੀ
ਲੈਣ ਇਸ ਤਰਾਂ ਕਰਨੇ ਨਾਲ ਵਿਚਾਰਕੇ ਦੇਖ
ਲਵੋ ਕੋਈ ਬਹੁਤਾ ਘਾਟਾ ਨਹੀਂ ਪੈਂਦਾ॥

(੨) ਵਯਾਹ ਸ਼ਾਦੀਦੇ ਮੌਕੇ ਪਰ ਇਕ ਪੈਸਾ
ਮਨਜੂਰੀ ਸੈਂਤ ਆਦਿ ਦਾ ਮਿਲਦਾ ਹੈ ਓਹ
ਕਦੇ ਨ ਲੇਵੇ, ਤੇ ਜੋ ਵੇਦੀ ਬਿਯਾਹ ਪਰ ਗਡਦੇ
ਹੈਂ ਓਸਦਾ ਦਿਧੇਜ ਵੇਦੀ ਦਾ ਕਰਾਇਆ ਸਮ-
ਝਕੇ ਲਿਆ ਜਾਵੇ ਏਹ ਕੋਈ ਲਾਗੁ ਨਹੀਂ ਜੋ
ਲਾਗੀਆਂ ਦੀ ਤਰਾਂ ਲੈਂਦੇ ਹੋ।

---

*ਇਸਦਾ ਮਤਲਬ ਇਹ ਨਹੀਂ ਕਿ ਜਿਮੀਦਾਰਾਂ ਦੀ ਰੋਟੀ ਹੀ ਨਹੀਂ ਖਾਣੀ ਬਲਕਿ ਭਾਈ ਭ੍ਰਾਵੇ ਦੇ ਜੋਰ ਤੇ ਖਾਓ ਤੇ ਖਿਲਾਓ।

(ਸ) ਪ੍ਰਾਨੀ ਦੇ ਮਰਨੇ ਪਰ (ਕਈ ਥਾਂਵਾਂ ਪਰ ਇਹ ਰਵਾਜ ਹੈ) ਜੋ ਸੀੜ੍ਹੀ ਬਨਾਈ ਜਾਂਦੀ ਹੈ ਉਸ ਦਾ ਕਦੇ ਕੁਝ ਨਾ ਲਿਆ ਜਾਵੇ ਬਨਾ ਜ਼ਰੂਰ ਦੇਣ॥

(ਹ) ਅਪਣੇ ਆਪ ਨੂੰ ਕਦੇ ਕਮੀਨਾਂ ਵਿਚ ਨਾ ਗਿਣਨ ਤੇ ਨਾ ਦੂਜੇ ਨੂੰ ਕਮੀਨ ਸੱਦਨ ਦਾ ਮੌਕਾ ਦੇਣ॥

(੫) ਕਿਰਤਘਨ ਹੋ ਗਏ, ਪਿਆਰੇ ਪਾਠਕ ਜੀ! ਗੁਰੂ ਸਾਹਿਬਾਨ ਦੇ ਜੋ ਉਪਕਾਰ ਸੰਖੇਪ ਨਾਲ ਪਿਛਲੇ ਪਤਰਿਆਂ ਵਿਚ ਦਸੇ ਗਏ ਹੈਂ ਕਿਆ ਕੌਮ ਨੇ ਉਨ੍ਹਾਂ ਉਪਕਾਰਾਂ ਨੂੰ ਮੰਨਿਆਂ? ਜਿਸ ਤਰਾਂ ਵਡਿਆਂ ਨੇ ਅਪਣੇ ਲਹੂ ਬਹਾ ੨ ਕੇ ਖਾਲਸਾ ਧਰਮ ਵਿਚ ਨਾਮ ਪਾਯਾ ਤੇ ਅਪਣੀ ਬਹਾਦੁਰੀ ਦਾ ਝੰਡਾ ਗਡ ਕੇ ਕੌਮ ਲਈ ਪੰਥ ਪਾਸੋਂ ਰਾਮ ਗੜ੍ਹੀਆ ਪਦਵੀ ਲਈ, ਕਿਆ ਕੌਮ ਨੇ ਵਡਿਆਂ ਦੇ ਪੂਰਨਿਆਂ ਪਰ ਚਲਕੇ ਉਨ੍ਹਾਂ ਦੀ ਘਾਲਣਾ ਘਾਲਨੇ ਦੀ ਦਾਦ ਦਿਤੀ? ਅਤੇ ਕਿਆ ਕੌਮ ਨੇ ਰਾਮ-

ਰ ਛੂਈਆ ਪਦਵੀ ਗ੍ਰਹਣ ਕੀਤੀ, ਕਿਆ ਕੌ
ਨਾਮਧਾਰੀਆ ਕੌਮ ਬਣੀ ? ਤ੍ਰਿ
ਨਾਂ ਤੀਆਂ ਗੱਲਾਂ ਉਤੇ ਵਿਚਾਰ ਕਰਨੇ ਤੇ ਇਹ
ਨਤਾ ਸਾਬਤ ਹੁੰਦੀ ਹੈ ਜੋ ਠੀਕ ਨਹੀਂ, ਕਿਉਂ
ਵਿਚ ਕ੍ਰਿਤਘਨਤ ਦਾ ਵਡਾ ਪਪ ਹੈ ਭਾ
ਗੁਰਦਾਸ ਜੀ ਲਿਖਦੇ ਹੈਂ:—

ਮਦ ਵਿਚ ਰਿੱਧਾ ਪਾਇਕੈ ਕੁੱਤੇ ਦਾ ਮਾਸੁ ।
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸੁ ।
ਰਤੂ ਭਰਿਆ ਕੱਪੜਾ ਕਰ ਕਜਣ, ਤਾਸ ।
ਢੱਕ ਲੈ ਚੱਲੀ ਚੂਹੜੀ ਕਰ ਭੋਗ ਬਿਲਾਸੁ ।
ਆਖ ਸੁਣਾਏ ਪੁੱਛਿਆ ਲਾਹੇ ਵਿਸਵਾਸੁ ।
ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸ

ਕਿਆ ਭਾਈ ਸਾਹਿਬ ਦਾ ਇਹ ਕਥ
ਇਸ ਕੌਮ ਤੇ ਨਹੀਂ ਘਟਦਾ ? ਕਿਆ ਇ
ਕ੍ਰਿਤਘਨਤਾ ਦੇ ਕਾਰਨ ਇਸ ਦੀ ਅਜਿਹ
ਬੁਰੀ ਹਾਲਤ ਨਹੀਂ ਹੋ ਰਹੀ ਜੋ ਪਿੰਡੀਂ ਥਾਈ
ਦੇਖਨੇ ਵਿਚ ਆਉਂਦੀ ਹੈ ?

ਚਾਹੀਦਾ ਇਹ ਸੀ ਕਿ ਗੁਰੂ ਸਾਹਿਬਾ

ਦੇ ਉਪਕਾਰਾਂ ਨੂੰ ਮੰਨਦੀ ਤੇ ਅਪਣੇ ਵਡਿਆਂ
ਦੇ ਦਰਸਾਏ ਪਰ ਚਲਕੇ ਰਾਮਗੜ੍ਹੀਆ
ਬਨ ਦਖਾਂਦੀ, ਅਜਿਹਾ ਕਰਨਾ ਤਾਂ ਇਨ੍ਹਾਂ
ਪਾਸੋਂ ਰਿਹਾ ਸਗੋਂ ਕ੍ਰਿਤਘਨਤਾ ਦਾ ਇਕ ਹੋਰ
ਵਡਾ ਸਬੂਤ ਦਿਤਾ, ਉਹ ਇਹ ਕਿ ਗੁਰੂਆਂ
ਦਿਆਂ ਉਪਕਾਰਾਂ ਨੂੰ ਭੁਲਾਕੇ ਵਡਿਆਂ ਦੀ
ਸੂਰਬੀਰਤਾ ਵਾਲੀ ਪਟੜੀ ਤੋਂ ਖਿਸਕੇ
ਅੰਮ੍ਰਿਤ ਛਕ ਕੇ ਤੇ ਸਿੰਘ ਕਹਾਕੇ ਹੁਣ ਬਾਬਾ
ਵਿਸ਼੍ਵਕਰਮਾ ਜੀਦੀ ਉਲਾਦ ਬਣਨ ਦਾ
ਯਤਨ ਕਰਦੇ ਹਨ ਜੋ ਬਿਲਕੁਲ ਠੀਕ ਨਹੀਂ।

ਪਿਆਰੇ ਪਾਠਕ ਜੀ ! ਦਾਸ ਦਾ ਕਿਸੇ ਤੇ
ਹਮਲਾ ਨਹੀਂ। ਬਾਬਾ ਵਿਸ਼੍ਵਕਰਮਾ ਨਾਲ ਕੋਈ
ਵੈਰ ਨਹੀਂ ਤੇ ਨਾ ਹੀ ਕਿਸੇ ਦੇ ਦਿਲ ਦੁਖਾਨ
ਤੋਂ ਮਤਲਬ ਹੈ ਕੇਵਲ ਦਸਨਾ ਹੈ ਕਿ ਕਿਉਂ
ਅਸੀਂ ਬਾਬਾ ਵਿਸ਼੍ਵਕਰਮਾ ਜੀ ਦੀ ਔਲਾਦ
ਹਾਂ ? ਜੇ ਸਾਡੇ ਅਨਪੜ੍ਹ ਭਰਾ ਅਜਿਹਾ ਕਹਿੰਦੇ
ਤਾਂ ਹੋ ਸਕਦਾ ਸੀ ਉਨ੍ਹਾਂ ਵਿਚਾਰਿਆਂ ਦਾ ਕੀ
ਦੋਸ਼ ਹੈ ਜਿਸਤਰਾਂ ਉਨ੍ਹਾਂ ਨੂੰ ਕਿਸੇ ਆਖਿਆ

ਉਸੇਤਰ੍ਹਾਂ ਸਭ ਮੰਨ ਲਿਆ, ਪਰ ਬਹੁਤਾ ਅਫ਼ਸੋਸ ਤਾਂ ਸਾਨੂੰ ਆਪਣੇ ਪੜ੍ਹੇ ਲਿਖੇ ਭਰਾਵਾਂ ਤੇ ਹੈ ਜੋਹ ਸਕਦੇ ਸੇ ਇਤਿਹਾਸ ਪੜ੍ਹ ਸਕਦੇ ਸੇ ਸ਼ਾਸਤ੍ਰਾਂ ਮੇਂ ਭੀ ਵਿਚਾਰ ਕਰ ਸਕਦੇ ਸੇ ਪਰ ਕਰੇ ਕੌਣ ਉਹ ਇਸ ਮਤਲਬ ਲਈ ਤਾਂ ਨਹੀਂ ਪੜ੍ਹੇ ਕਿ ਪੜ੍ਹਕੇ ਅਪਣਾ ਜਾਂ ਅਪਣੇ ਭਰਾਵਾਂ ਦਾ ਸੁਧਾਰ ਕਰ ਸਕਨ ਤੇ ਅਪਣੇ ਖਾਤੇ ਵਿਚ ਗਿਰਦੇ ਹੋਏ ਭੋਲੇ ਭਾਲੇ ਭਰਾਵਾਂ ਨੂੰ ਬਚਾ ਲੈਣ, ਉਹ ਤਾਂ ਪੜ੍ਹੇ ਹੀ ਕੇਵਲ ਨੌਕਰੀਆਂ ਕਰਨ ਲਈ ਪੜ੍ਹਕੇ ਆਪ ਬਾਬੂ ਬਨ ਗਏ ਤੇ ਉਨ੍ਹਾਂ ਵਲੋਂ ਕੌਮ ਖਾਤੇ ਵਿਚ ਜਾਵੇ ਉਨ੍ਹਾਂਨੂੰ ਕਿਆ। ਪਰ ਇਹ ਉਨ੍ਹਾਂ ਦੀ ਵਡੀ ਭਾਰੀ ਭੁਲ ਹੈ ਕਿ ਕੌਮ ਨੂੰ ਬਚਾਨਾ ਤਾਂ ਇਕ ਪਾਸੇ ਰਿਹਾ ਆਪ ਬੀ ਉਨ੍ਹਾਂ ਦੇ ਨਾਲ ਹੀ ਉਸੇ ਖਾਤੇ ਵਿਚ ਛਾਲ ਜਾ ਮਾਰੀ ਤੇ ਕਹਿ ਦੈਠੇ ਹਾਂ। ਅਸੀਂ ਬੀ ਬਾਬਾ ਵਿਸ਼੍ਵਕਰਮਾ ਦੇ ਹੀ ਪੁਤ੍ਰ ਹਾਂ ਜਿਸ ਨੂੰ ਸੁਨਕੇ ਉਨ੍ਹਾਂ ਭੋਲੇ ਭਾਲੇ ਭਰਾਵਾਂ ਦਾ ਨਿਸਚਾ ਪਕਾ ਹੋਗਿਆ ਕਿ ਸਚਮੁਚ ਹੀ ਅਸੀਂ

ਬਾਂਝ ਵਿਸ੍ਵਕਰਮੀ ਦੇ ਪੁਤ੍ਰ ਹਾਂ ਤੇ ਬ੍ਰਹਮਨਾਂ ਨੇ ਭਾਂ ਇਨ੍ਹਾਂ ਨੂੰ ਗੁਰੂ ਘਰ ਤੋਂ ਬੇਮੁਖ ਕਰਨ ਲਈ ਤੇ ਅਪਣੇ ਅਡੇ ਹੇਠ ਲਿਆਉਣ ਲਈ ਵਿਸ੍ਵਕਰਮਾਂ ਨੂੰ ਹੀ ਇਨ੍ਹਾਂ ਦਾ ਵਡਾ ਬਣਾ ਦਿਤਾ, ਜਿਸ ਕਰਕੇ ਨਿਸਚਾ ਹੋਰ ਪਕਾ ਹੋ ਗਿਆ ਪਰ ਵਿਚਾਰ ਨ ਕੀਤੀ, ਵਿਚਾਰ ਕਰੇ ਬੀ ਕੌਣ ਵਿਦਿਆ ਨਾਲ ਤਾਂ ਪਿਆਰ ਇਨ੍ਹਾਂ ਕਰਨਾ ਹੀ ਨ ਹੋਇਆ।

ਪਿਆਰੇ ਪਾਠਕ ਜੀ ਆਓ ਕੁਝ ਵਿਚਾਰ ਕਰਕੇ ਵੇਖੀਏ ਕਿ ਅਸੀ ਸਚ ਮੁਚ ਬਾਬਾ ਵਿਸ੍ਵਕਰਮਾ ਜੀ ਦੀ ਔਲਾਦ ਹਾਂ ਜਾਂ ਯੂਹੀਂ ਧੋਖੇ ਵਿਚ ਹਾਂ।

(੧) ਸਾਰੇ ਸ਼ਾਸਤ੍ਰ ਪੜ੍ਹ ਕਰ ਦੇਖ ਲਓ ਸਾਰੇ ਇਹੋ ਦਸਨਗੇ ਕਿ ਵਿਸ੍ਵਕਰਮਾ ਜੀ ਅਸਮਾਨ ਪਰ ਦੇਵਤਿਆਂ ਵਿਚ ਹੋਏ ਉਨ੍ਹਾਂ ਦਾ ਧਰਤੀ ਪਰ ਹੋਣਾ ਕਿਸੇ ਸ਼ਾਸਤ੍ਰ ਤੋਂ ਬੀ ਸਿਧ ਨਹੀਂ ਹੁੰਦਾ ਤਾਂਤੇ ਅਸੀ ਬਾਬਾ ਜੀ ਦੀ ਔਲਾਦ ਕਿਸੇ ਪਰਕਾਰ ਨਹੀਂ ਹੋ ਸਕਦੇ। ਪਰ ਜੋ ਉਨ੍ਹਾਂ

ਦਾ ਧਰਤੀ ਤੋਂ ਹੋਣਾ ਬੀ ਮੰਨ ਲਿਆ ਜਾਵੇ ਜੀ ॥

(੨) ਸਾਰੇ ਸ਼ਾਸਤ੍ਰ ਤੇ ਵਿਦਵਾਨ ਪੁਰਸ਼ ਔਲਾਦ ਦੋ ਪ੍ਰਕਾਰ ਦੀ ਦਸਦੇ ਹੈਂ ॥

(ੳ) ਬਿੰਦੀ (ਅ) ਨਾਦੀ ॥

ਬਿੰਦੀ ਔਲਾਦ ਕਿਸੇ ਦੀ ਉਹ ਹੁੰਦੀ ਹੈ ਜੋ ਖਾਸ ਉਸ ਦੇ ਬੀਰਜ ਤੋਂ ਪੈਦਾ ਹੋਵੇ ਜਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਿੰਦੀ ਔਲਾਦ ਚਾਰ ਸਾਹਿਬ ਜਾਦੇ ਬਾਬਾ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ ਜੀ (ਜੋ ਚਮਕੌਰ ਦੇ ਜੁੱਧ ਵਿਚ ਸ਼ਹੀਦ ਹੋਏ) ਤੇ ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫਤੇ ਸਿੰਘ ਜੀ (ਜੋ ਸਰਹੰਦ ਵਿਚ ਜੀਉਂਦੇ ਕੰਧ ਵਿਚ ਚੁਨਾਏ ਗਏ ਸਨ) ॥

ਨਾਦੀ ਉਹ ਔਲਾਦ ਹੈ ਜੋ ਉਪਦੇਸ਼ ਲੈਕੇ ਬਣੇ ਜਿਹਾ ਕਿ ਸਾਰਾ ਖਾਲਸਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਨਾਦੀ ਬੰਸ ਹੈ ॥

ਜਾਂ ਜਿਸਤਰਾਂ ਕੋਈ ਕਾਰੀਗਰ ਅਪਣੇ

ਸ਼ਾਗਿਰਦ ਬਨਾ ਲੈਂਦਾ ਹੈ ਉਹ ਉਸਦੀ ਨਾਦੀ ਬੰਸ ਹੁੰਦੀ ਹੈ।

ਆਓ ਇਸਤੇ ਬੀ ਵਿਚਾਰ ਕਰੀਏ ਕਿ ਕਿਆ ਅਸਾਂ ਇਨ੍ਹਾਂ ਦੋ ਪਰਕਾਰ ਦੀ ਔਲਾਦ ਵਿਚੋਂ ਕਿਸੇ ਵਿਚ ਆ ਸਕਦੇ ਹਾਂ ਕਿ ਨਹੀਂ।

ਪਹਿਲਾਂ ਅਸੀਂ ਬਿੰਦੀ ਬੰਸ ਬਨਕੇ ਦੇਖਦੇ ਹਾਂ॥

(ੳ) ਕਿਸੇ ਦੀ ਔਲਾਦ ਦਾ ਉਹੀ ਗੋਤ ਹੋਇਆ ਕਰਦਾ ਹੈ ਜੋ ਉਸਦਾ ਅਪਣਾ ਗੋਤ ਹੁੰਦਾ ਹੈ ਤਾਂਤੇ ਸਾਡਾ ਸਾਰਿਆਂ ਦਾ ਬੀ ਇਕੋ ਗੋਤ ਹੋਣਾ ਚਾਹੀਦਾ ਹੈ ਜਾਂ ਸਾਰਿਆਂ ਦੇ ਗੋਤ ਘਟ ਤੋਂ ਘਟ ਬ੍ਰਾਹਮਨਾ ਨਾਲ (ਜੇ ਬਾਬਾ ਜੀ ਬ੍ਰਹਮਨ ਸਨ ?) ਮਿਲਨੇ ਚਾਹੀਦੇ ਹਨ ਪਰ ਅਜਿਹਾ ਨਹੀਂ॥

(ਅ) ਕੋਈ ਬਾਬਾ ਜੀ ਸ਼ਿਜਰਾਨਸਲ (ਖਾਨਦਾਨੀ ਪਰਨਾਲੀ) ਚਲਦਾ ਪਰ ਇਹ ਬੀ ਕਿਤੇ ਦੇਖਨ ਵਿਚ ਨਹੀਂ ਆਉਂਦੀ।

(ੲ) ਸ਼ਾਸਤ੍ਰਾਂ ਵਿਚ ਬਾਬਾ ਜੀ ਨੂੰ ਦਿਓਤਾ

(ਬ੍ਰਾਹਮਨ) ਕਥਨ ਕੀਤਾ ਗਿਆ ਹੈ ਸੋ ਸਾਡੀ ਕੌਮਦਾ ਖਾਨ ਪਾਨ ਪਹਿਰਾਵਾ ਆਦਿ ਬੀ ਘਟ ਤੋਂ ਘਟ ਬ੍ਰਾਹਮਨਾ ਨਾਲ ਤਾਂ ਹੁੰਦਾ ਪਰ ਇਹ ਬੀ ਨਹੀਂ।

(ਸ) ਕਿਆ ਕੌਮ ਵਿਚੋਂ ਕਿਸੇ ਇਕ ਦੀ ਮਿਰਜਾਦਾ ਬੀ ਬ੍ਰਾਹਮਨਾ ਜਿਹੀ ਹੈ, ਜਾਂ ਸੀ? ਕਦੇ ਨਹੀਂ।

(ਹ) ਕਿਆ ਕੋਈ ਹੁਣ ਕੌਮ ਵਿਚੋਂ ਬਾਬਾ ਵਿਸ੍ਵਕਰਮਾ ਜੀ ਦੇ ਪੂਰਨਿਆਂ ਪਰ ਚਲਦਾ ਹੈ?

ਪਿਆਰੇ ਪਾਠਕ ਜੀ! ਉਪਰਲੀਆਂ ਬਾਤਾਂ ਪਰ ਵਿਚਾਰ ਕਰਨੇ ਤੋਂ ਮਲੂਮ ਹੁੰਦਾ ਹੈ ਕਿ ਵਿਸ੍ਵਕਰਮਾਂ ਦੀ ਬਿੰਦੀ ਬੰਸ ਹੋਣ ਦਾ ਫਖਰ ਕਰਨਾ ਅਜਿਹਾ ਹੀ ਬਿਰਥਾ ਹੈ ਜਿਸ ਤਰਾਂ ਮੁਸਲਮਾਨ ਹੋਏ ਹੋਏ ਬ੍ਰਾਹਮਨਾਂ ਦਾ ਮਨੂ ਤੇ ਬਿਆਸ ਦੀ ਔਲਾਦ ਹੋਣ ਦਾ ਫਖਰ ਕਰਨਾ ਨਕੰਮਾ ਹੈ॥

ਸ਼ਾਇਦ ਮੇਰੇ ਭਰਾ ਆਖਨਗੇ ਕਿ ਅਸੀ

ਬਾਬਤ ਵਿਸ੍ਵਕਰਮਾ ਦੀ ਥਿੰਦੀ ਬੰਸ ਤਾਂ ਲੋਕੀਂ ਪਰ ਕਿਉਂ ਜੋ ਉਸਨੇ ਸ਼ਿਲਪ ਵਿਦਯਾ ਦਾ ਆਰੰਭ ਕੀਤਾ ਹੈ ਜਿਸ ਕਰਕੇ ਸਾਡੇ ਤਕ ਇਹ ਵਿਦਿਆ ਪਹੁੰਚੀ ਤਾਂ ਤੇ ਅਸੀਂ ਉਸਦੀ ਸ਼ਾਖੀ ਬੰਸ ਹੀ ਇਸ ਪਰ ਵਿਚਾਰ ਕਰਨ ਨਾਲ ਕਈ ਤਰਾਂ ਇਸ ਦਾ ਉੱਤਰ ਦਿਤਾ ਜਾਂਦਾ ਹੈ। ਯਥਾਃ—

(ੳ) ਪਹਿਲਾ ਤਾਂ ਵਿਸ੍ਵਕਰਮਾ ਜੀ ਨੇ ਇਸ ਵਿਦਿਆ ਦਾ ਆਰੰਭ ਹੀ ਨਹੀਂ ਕੀਤਾ, ਸਾਰੀ ਵਿਦਿਆ ਦੇ ਆਰੰਭ ਕਰਨੇ ਵਾਲੇ ਬ੍ਰਹਮਾ ਜੀ ਹੈਂ।ਇਹ ਜਰੂਰ ਹੈ ਕਿ ਵਿਸ੍ਵਕਰਮਾ ਜੀ ਨੇ ਇਸ ਨੂੰ ਪਹਿਲਾਂ ੨ ਤ੍ਰੱਕੀ ਦਿਤੀ ਇਨ੍ਹਾਂ ਤੋਂ ਪਹਿਲਾ ਬੀ ਕਈ ਸਿਲਪ ਕਾਰ ਹੋ ਚੁਕੇ ਹੈਂ, ਸ਼ਾਸਤ੍ਰ ਵਿਚ ਲਿਖਿਆ ਹੈ ਕਿ ਸਿਲਪ ਵਿਦਯਾ ਦੇ ਮੂਲ ਕਾਰਨ ਇਹ ਅਠਾਰਾਂ ਰਿਖੀ ਹੋਏ ਹਨਃ—

ਭ੍ਰਿਗੂ ਅਤ੍ਰੀ ਵਿਸਿਸਟਸ੍ਯ ਵਿਸਕਰਮਾ ਮਯਸ ਤਥਾ ਨਾਰਦੋ ਨਗਨ ਜਿਤ ਚੈਵ ਵਿਸ਼ਾ—

ਨਾਸ਼ਿਅਜਾ ਪੁਰੰਦਰਾ ॥ ਬ੍ਰਹਮਾ ਕਮਾਰੋ ਨੰਦੀਸਰ ਸੌਨਕੇ ਗਰਗੋ ਏਵਚ । ਵਾਸਦੇਵੋ ਨਿਰਧਸ੍ਰ ਤਥਾ ਸਕ੍ਰਰ ਬ੍ਰਹਸਪਤ । ਅਸਟਾਦਸੈ ਤੇ ਵਿਖਯਾਤਾ ਵਸਤੂ ਸ਼ਾਸਤ੍ਰੋਪਦੇਸਕ ॥

ਅਰਥ-ਭ੍ਰਿਗੂ (੧) ਅਤ੍ਰੀ (੨) ਵਸਿਸ਼ਟ (੩)ਵਿਸਕਰਮਾ (੪) ਯਮ (੫) ਨਾਰਦ (੬) ਨਗਨ ਜਿਤ (੭) ਵਿਸਾਲਾਖ (੮) ਇੰਦਰ (੯) ਬ੍ਰਹਮਾ (੧੦) ਅਸੁਨੀ ਕੁਮਾਰ (੧੧) ਨੰਦੇਸੀ (੧੨) ਸਨਕ ਸਨੰਦਨ ਸੰਤ ਕੁਮਾਰ (੧੩)ਗਰਗ (੧੪)ਵਾਸਦੇਵ(੧੫) ਨਿਰਧ(੧੬)ਸੁਕਰ(੧੭)ਬ੍ਰਹਸਪਤ (੧੮) ਏਹ ੧੮ ਰਿਸ਼ੀ ਤਰਖਾਨੇ ਲੁਹਾਰੇ ਕੰਮ ਦੇ ਮੂਲ ਕਾਰਨ ਹੋਏ ਹੈਂ ਸੋ ਇਸ ਤੇ ਫਖਰ ਕਰਨਾ ਕੋਈ ਅਰਥ ਨਹੀਂ ਰਖਦਾ ।

(ਅ) ਭਲਾ ਜੇ ਇਹ ਬੀ ਮੰਨ ਲਿਆ ਜਾਵੇ ਕਿ ਸਿਲਪ ਵਿਦਿਆ ਦਾ ਆਰੰਭ ਵਿਸ੍ਵਕਰਮਾ ਪਾਸੋਂ ਹੋਇਆ ਤਾਂ ਮੋਚੀ, ਜੁਲਾਹ, ਕੁੰਭਿਆਰ, ਸੁਨਾਰ, ਮੁਸੱਵਰ ਆਦ ਸਾਰੇ

ਸਿਲਪ ਵਿਦਿਆ ਦੇ ਕਰਨ ਵਾਲੇ ਹੈਂ ਤਾਂਤੇ ਜਿਤਾ ਫਖਰ ਉਹ ਕਰਦੇ ਹੈਂ ਉਜਿਹਾ ਫਖਰ ਇਸ ਕੰਮ ਦੇ ਕਰਨੇ ਵਾਲਿਆਂ ਨੂੰ ਚਾਹੀਦਾ ਹੈ ॥

(ੲ) ਜੇ ਇਹ ਕਹੋ ਕਿ ਕੇਵਲ ਸਾਡਾ ਕੰਮ ਹੀ ਵਿਸ੍ਵਕਰਮਾ ਨੇ ਦਸਿਆ ਹੈ ਤਾਂ ਇਸ ਕੰਮ ਦੇ ਕਰਨੇ ਵਾਲੇ ਬੀ ਅੰਗ੍ਰੇਜ਼, ਈਸਾਈ, ਮੁਸਲਮਾਨ, ਕੋਲੀ ਆਦ ਜਾਤੀਆਂ ਹੈਂ ਤਾਂਤੇ ਉਨ੍ਹਾਂ ਵਿਚ ਤੇ ਤੁਹਾਡੇ ਵਿਚ ਕੀ ਭੇਦ ਸਮਝੀਏ? ਇਸਦਾ ਉੱਤਰ ਕੋਈ ਨਹੀਂ ਬਣਦਾ ਤਾਂਤੇ ਕੈਹਨਾਂ ਪਵੇਗਾ ਕਿ ਅਸੀਂ ਬਾਬਾ ਜੀ ਦੀ ਨਾਦੀ ਬੰਸ ਬੀ ਨਹੀਂ ਹੋ ਸਕਦੇ ॥

ਇਸ ਬਾਤ ਨੂੰ ਅਸੀਂ ਇਕ ਹੋਰ ਤਰਾਂ ਬੀ ਦਸਦੇ ਹਾਂ ਲਓ ਸੁਣੋ:—

ਕਿਆ ਸਾਡੇ ਸਾਰੇ ਭਰਾ ਕੰਮ ਕਰਦੇ ਹੈਂ? ਉਤਰ ਵਿਚ ਕਹਿਣਾ ਪੈਣਾ ਹੈ ਨਹੀਂ ਜੇ ਕੰਮ ਨਹੀਂ ਕਰਦੇ ਤਾਂ ਕੀ ਕੀ ਕਰਦੇ ਹੈਂ? ਉੱਤਰ ਵਿਚ ਆਵਾਜ਼ ਆਉਣੀ ਹੈ ਕਿ ਇਕ ਕਿਸਾ

ਰਈਸ ਤੇ ਜਾਗੀਰਦਾਰ ਹੈ, ਇਕ ਹਿਸਾ ਜ਼ਿਮੀਂਦਾਰ ਹੈ, ਇਕ ਹਿਸਾ ਬਾਬੂ ਹੈ (ਜੋ ਦਫ਼ਤਰਾਂ ਵਿਚ ਨੌਕਰ ਹੈ) ਇਕ ਹਿਸਾ ਕੰਮ ਕਰਨੇ ਵਾਲੇ ਹੈਂ (ਜੋ ਜਾਂ ਤਾਂ ਨਟੀਆਂ ਕਰਦੇ ਹੈਂ ਜਾਂ ਠੇਕੇਦਾਰ ਹੈਂ ਜਾਂ ਹੋਰ ਮੇਹਨਤ ਕਰਦੇ ਹੈਂ) ਗੋਯਾ ਸਾਡੀ ਬ੍ਰਾਦਰੀ ਵਿਚ ਚਾਰ ਤਰਾਂ ਦੇ ਮਨੁਖ ਕਾਫ਼ੀ ਗਿਣਤੀ ਵਿਚ ਹੈਂ ।

ਹੁਣ ਕਿਆ ਪਾਠਕ ਜੀ ! ਜੋ ਰਈਸ ਜਾਂ ਜਾਗੀਰਦਾਰ ਹੈਂ (ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਸਰਦਾਰੀਆਂ ਦਿਤੀਆਂ) ਉਹ ਬੀ ਵਿਸ੍ਵਕਰਮਾ ਜੀ ਦੀ ਨਾਦੀ ਬੰਸ ਹੈਂ ? ਓਹ ਤਾਂ ਕੰਮ ਨਹੀਂ ਕਰਦੇ ਜੇ ਹੈ ਤਾਂ ਕਿਸਤ੍ਰਾਂ? ਇਸ ਵਿਚ ਚੁਪ ਹੈ ਜਿਸ ਤੋਂ ਸਮਝਣਾ ਪਿਆ ਜੋ ਉਹ ਕਿਸੇ ਤਰਾਂ ਨਾਦੀ ਬੰਸ ਨਹੀਂ ਹੋ ਸਕਦੇ ਜੇ ਉਹ ਆਪਣੇ ਆਪਨੂੰ ਨਾਦੀ ਬੰਸ ਮੰਨਣ ਤਾਂ ਉਹ ਸਭਤੋਂ ਵਡੇ ਕ੍ਰਿਤਘਨ ਹੈਂ, ਜਿਨ੍ਹਾਂ ਗੁਰੂਆਂ ਦੇ ਉਪਕਾਰਾਂ ਨੂੰ ਨਹੀ ਮੰਨਿਆਂ ਤੇ ਸਿਖ ਧਰਮ ਤੋਂ ਕੋਹਾਂ ਦੂਰ ਹੈਂ ॥

ਇਸੇ ਪ੍ਰਕਾਰ ਹੋਰ ਸਾਰਿਆਂ ਨੂੰ ਸਮਝ ਲਵੋ।

ਇਸ ਤੋਂ ਸਾਬਤ ਹੋਇਆ ਕਿ ਅਸੀਂ ਕਿਸੇ ਪ੍ਰਕਾਰ ਭੀ ਵਿਸ਼ੂਕਰਮਾਂ ਜੀ ਦੀ ਬਿੰਦੀ ਜਾਂ ਨਾਦੀ ਵੰਸ ਨਹੀਂ ਹੋ ਸਕਦੇ।

ਹੁਣ ਮੇਰੇ ਭਰਾ ਆਖਣਗੇ ਕਿ ਇਸ ਤੋਂ ਪਤਾ ਹੋਇਆ ਕਿ ਅਸਾਂ ਵਿਸ੍ਵਕਰਮਾਂ ਦੀ ਬੰਸ ਨਹੀਂ ਤਾਂ ਹੁਨ ਇਹ ਦਸੋ ਕਿ ਫੇਰ ਸਾਡੀ ਮੂੰਹੀ ਕਿਥੋਂ ਹੋਈ? ਇਸ ਦੇ ਉਤਰ ਵਿਚ ਬੇਨਤੀ ਹੈ ਕਿ ਇਸ ਕਿਤਾਬ ਦੇ ਸ਼ੁਰੂ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮਲਕ ਭਾਗੋ ਦੇ ਪੁਛਣ ਪਰ ਜੋ ਉਤ੍ਰ ਦਿਤਾ ਉਹੀ ਤੁਹਾਡੀ ਮੂੰਹੀ ਹੈ ਜਿਸਦਾ ਪੂਰਾ ਪੂਰਾ ਵਰਨਨ ਰਾਮਗੜ੍ਹੀਆ ਤਾਰੀਖ(ਜੋ ਛੇਤੀ ਹੀ ਛਪਕੇ ਭੇਟਾ ਹੋਣ ਵਾਲੀ ਹੈ)ਵਿਚ ਵੇਖੋਗੇ। ਪਾਠਕ ਜੀ! ਹੁਣ ਆਪ ਨੂੰ ਇਸ ਕੌਮ ਦੇ ਗਿਰਾਉ ਦਾ ਕਾਰਨ ਮਲੂਮ ਹੋ ਗਿਆ ਹੋਣਾ ਹੈ?

ਜੋ ਕੌਮ ਇਸ ਨੂੰ ਸਮਝਕੇ ਇਨ੍ਹਾਂ ਬਾਤਾਂ ਤੇ ਧਿਆਨ ਦੇਵੇ ਜੋ ਇਸ ਪੁਸਤਕ ਵਿਚ

ਫਸੀਆਂ ਰਹੀਆਂ ਹੈ ਤਾਂ ਦਾਸ ਨੂੰ ਆਸ਼ਾ ਪੈਂਦੀ ਹੈ ਕਿ ਛੇਤੀ ਹੀ ਕੌਮ ਦਾ ਸੁਧਾਰ ਹੋ ਸਕਦਾ ਹੈ ਦਾਸ ਇਸ ਪੁਸਤਕ ਦਾ ਇਥੇ ਹੀ ਭੋਗ ਪਾਕੇ ਆਸ਼ਾ ਕਰਦਾ ਹੈ ਕਿ ਕੌਮ ਇਸ ਤੇ ਵਿਚਾਰ ਕਰਕੇ ਇਨ੍ਹਾਂ ਬੇਨਤੀਆਂ ਨੂੰ ਮੰਨੇਗੀ ਤੇ ਦਾਸ ਦੀ ਮੇਹਨਤ ਸਫਲੀ ਕਰਦੀ ਹੋਈ ਅਗਲੇ ਰਸਾਲੇ ਦੀ ਉਡੀਕ ਕਰੇਗੀ ਅਤੇ ਜਿਥੇ ਭੁਲ ਦੇਖਨ ਤਾਂ ਸਸਲ ਖਿਮਾ ਕਰਨਗੇ ਕਿਉਂ ਜੋ ਗੁਰੂ ਮਹਾਰਾਜ ਦਾ ਵਾਕ ਹੈ: 'ਭੁਲਨ ਅੰਦਰ ਸਭਕੋ ਅਭੁਲ ਗੁਰੂ ਕਰਤਾਰ'।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹ ਹੈ।

ਨਿਯਮ ਰਾਮਗੜ੍ਹੀਆ ਸਭਾ ਸਿਮਲਾ

(੧) ਇਸ ਸਭਾ ਦਾ ਨਾਮ ਰਾਮਗੜ੍ਹੀਆ ਸਭਾ ਸਿਮਲਾ ਹੈ।

(੨) ਕੌਮ ਰਾਮਗੜ੍ਹੀਆ ਵਿਚ ਖੁਸ਼ਹਾਲ ਪ੍ਰੇਮ ਵਧੌਣਾ।

(੩) ਕੌਮ ਦੀਆਂ ਕੁਰੀਤੀਆਂ ਦੂਰ ਕਰਨਾ ਤੇ ਹਰ ਪਾਸਿਓਂ ਉੱਨਤੀ ਦਾ ਉਪ੍ਰਾਲਾ ਕਰਨਾ।

(੪) ਕੌਮ ਵਿਚ ਵਿਦਿਆ ਦਾ ਪ੍ਰਚਾਰ ਕਰਨਾ।

(੫) ਕੌਮ ਵਾਸਤੇ ਹਰ ਪ੍ਰਕਾਰ ਦੇ ਲਾਭ-ਦਾਇਕ ਸਾਧਨ ਸੋਚਣੇ ਤੇ ਲੋੜ ਅਨੁਸਾਰ ਕ੍ਰਿਪਾਲੂ ਸਰਕਾਰ ਦੀ ਸੇਵਾ ਵਿਚ ਬੇਨਤੀ ਕਰਨੀ।

(੬) ਮਹਿੱਟਰ ਤੇ ਹੋਨਹਾਰ ਨਿਰਧਨ ਬੱਚਿਆਂ ਨੂੰ ਸਹਾਇਤਾ ਦੇਕੇ ਯੋਗ ਬਣੌਣਾ ਤੇ ਵਿਧਵਾ ਇਸਤ੍ਰੀਆਂ ਦੀ ਯੋਗ ਸਹਾਇਤਾ ਕਰਨੀ।

(੭) ਪਰਜਾ ਪਾਲਕ ਨਿਆਕਾਰੀ ਸ੍ਰਕਾਰ ਦੀ ਸੇਵਾ ਵਿਚ ਤਤਪਰ ਰੈਹਣਾ।

(੮) ਮਾਦਰੀ ਜ਼ਬਾਨ ਦਾ ਪ੍ਰਚਾਰ ਕਰਨਾ ਤੇ ਸਭਾ ਦੀ ਸਾਰੀ ਕਾਰਵਾਈ ਮਾਦਰੀ ਜ਼ਬਾਨ ਵਿਚ ਰਖਣੀ॥

ਦਾਸ–ਦਰਬਾਰਾ ਸਿੰਘ
ਸਕੱਤ੍ਰ ਰਾਮਗੜ੍ਹੀਆ ਸਿਮਲਾ